


 ISSN : 2395-1273 www.sanvad.org

# ਪਵਿੱਤਰ ਪਾਪੀ

## ਮਾਨਸਿਕ ਦੁਬਿਧਾ ਦਾ ਕਲਾਸਿਕ ਦੁਖਾਂਤ

ਪੰਜਾਬੀ ਨਾਵਲ ਨੇ ਸਵਾ-ਸੌ ਸਾਲ ਦਾ ਪੰਧ ਮੁਕਾ ਲਿਆ ਹੈ। ਇਕ ਸਦੀ ਦਾ ਸਫ਼ਰ ਕਿਸੇ ਵੀ ਵਿਧਾ ਦੀਆਂ ਰਚਨਾਵਾਂ ਲਈ ਆਪਣੀ ਗੁਣਾਤਮਿਕ ਵਿਸੇਸ਼ਤਾ ਸਬੰਧੀ ਕਾਫ਼ੀ ਲੰਮਾ ਹੁੰਦਾ ਹੈ। ਸਾਡੇ ਨਾਵਲ ਦੇ ਇਤਿਹਾਸ ਵਿਚ ਕਈ ਰਚਨਾਵਾਂ ਯਾਦਗਾਰੀ ਹਨ। ਅਕਸਰ ਹੀ ਸਾਡੇ ਕਈ ਨਾਵਲਾਂ ਦਾ ਪਾਠਕਾਂ ਅਤੇ ਸੈਮੀਨਾਰਾਂ ਵਿਚ ਮੁੜ-ਮੁੜ ਜ਼ਿਕਰ ਚੱਲਦਾ ਰਹਿੰਦਾ ਹੈ। ਇਸ ਕਰਕੇ ਹੁਣ ਸਮਾਂ ਆ ਗਿਆ ਹੈ ਕਿ ਅਸੀਂ ਦੁਨੀਆਂ ਦੇ ਪ੍ਰਸਿੱਧ ਨਾਵਲਾਂ ਬਾਰੇ ਹੁੰਦੀ ਚਰਚਾ ਮੁਤਾਬਿਕ ਆਪਣੇ ਨਾਵਲਾਂ ਵੱਲ ਵੀ ਧਿਆਨ ਦੇਈਏ। ਕਿਸੇ ਕਲਾ-ਕ੍ਰਿਤ ਦੀ ਕਲਾਸਿਕਤਾ ਬਾਰੇ ਕੋਈ ਵਿਅਕਤੀ-ਵਿਸ਼ੇਸ਼ ਨਹੀਂ, ਬਲਕਿ ਸਮਾਂ ਹੀ ਨਿਰਣਾ ਕਰਦਾ ਹੈ। ਕਲਾ-ਕ੍ਰਿਤੀਆਂ ਲੰਮੇ ਅੰਤਰਾਲ ਦੀ ਪੁਣ-ਛਾਣ ਰਾਹੀਂ ਹੀ ਕਲਾਸਿਕ ਬਣਦੀਆਂ ਹਨ। ਪਹਿਲਾਂ ਉੱਚ-ਸ਼੍ਰੇਣੀ ਜਾਂ ਰਈਸ ਕੁਲ ਦੇ ਵਿਅਕਤੀ-ਵਿਸ਼ੇਸ਼ ਲਈ 'ਕਲਾਸਿਕ' ਦਾ ਤਖੱਲੁਸ ਵਰਤਿਆ ਜਾਂਦਾ ਸੀ। ਪਰ ਬਾਅਦ ਵਿਚ ਕੋਈ ਕਲਾ-ਕ੍ਰਿਤ ਜੋ ਆਪਣੇ ਛਪਣ ਕਾਲ ਤੋਂ ਲੰਮਾ ਸਮਾਂ ਜਾਂ ਸਦੀਆਂ ਤਕ ਪਾਠਕਾਂ ਨੂੰ ਪ੍ਰਭਾਵਿਤ ਕਰਦੀ ਹੈ ਤਾਂ ਉਸ ਨੂੰ 'ਕਲਾਸਿਕ' ਕਿਹਾ ਜਾਣ ਲੱਗਾ ਹੈ। ਇਸ ਕਰਕੇ ਸਾਹਿਤ ਵਿਚ ਕਲਾਸਿਕ ਹੋਣ ਦਾ ਅਰਥ ਉੱਤਮ ਜਾਂ ਪ੍ਰਮਾਣਿਕ ਰਚਨਾ ਤੋਂ ਹੈ। ਅਕਸਰ ਹੀ ਹੋਰ ਵਿਦੇਸ਼ੀ ਭਾਸ਼ਾਵਾਂ ਦੇ ਸਾਹਿਤ ਸਬੰਧੀ ਕਲਾਸਿਕ ਹੋਣ ਦੀ ਚਰਚਾ ਕੀਤੀ ਜਾਂਦੀ ਹੈ, ਪਰ ਇਹ ਚਰਚਾ ਜ਼ਿਆਦਾਤਰ ਵਿਸ਼ੇ ਪੱਖ ਤੋਂ ਹੀ ਹੁੰਦੀ ਹੈ। ਕਿਸੇ ਵੀ ਰਚਨਾ ਦੀ ਕਲਾਤਮਿਕ ਖੂਬੀ ਵਿਸ਼ੇ ਤੇ ਰੂਪ ਦੇ ਮਿਸ਼ਰਤ ਪ੍ਰਸੰਗ ਵਿਚ ਹੀ ਬਣਦੀ ਹੈ। ਅਸੀਂ ਬਹੁਤੀ ਵਾਰ ਆਪਣੀਆਂ ਰਚਨਾਵਾਂ ਨੂੰ ਓਪਰੇ/ਮਾਂਗਵੇ ਤੇ ਸੀਮਤ ਪੈਮਾਨਿਆਂ ਦੀ ਕੈਦ ਵਿਚ ਰੱਖ ਕੇ ਹੀ ਪਰਖਦੇ ਹਾਂ। ਹੋਰ ਭਾਸ਼ਾਵਾਂ ਦੀਆਂ ਬਾਹਰਲੀਆਂ ਰਚਨਾਵਾਂ ਨੂੰ ਹੀ 'ਸੁੰਢ ਦੀ ਗੰਢੀ' ਸਮਝਦੇ ਰਹੇ ਹਾਂ। ਅਜਿਹਾ ਕਾਰਜ ਵੀ ਭਾਵੇਂ ਹੋਵੇ, ਪਰ ਆਪਣੇ ਵਿਰਸੇ ਦੇ ਸਾਹਿਤ ਦੀ ਸਿਰਜਣਾਤਮਿਕ ਪੁਣ-ਛਾਣ ਕਰਨ ਦਾ ਫਰਜ਼ ਅਤੇ ਧਰਮ ਵੀ ਨਿਭਾਉਣਾ ਚਾਹੀਦਾ ਹੈ। ਕਲਾਸਿਕ ਰਚਨਾਵਾਂ ਦੀਆਂ ਵੀ ਸੀਮਾਵਾਂ ਹੋ ਸਕਦੀਆਂ ਹਨ। ਮਨੁੱਖ ਹੋਵੇ ਜਾਂ ਕਲਾਕ੍ਰਿਤ, ਬੇ-ਨੁਕਸ ਕੁਝ ਵੀ ਨਹੀਂ ਹੁੰਦਾ ਹੈ। ਮਹੱਤਵ ਤਾਂ ਕਿਸੇ ਰਚਨਾ ਦੇ ਵੱਡੇ ਤੇ ਵਿਸ਼ੇਸ਼ ਗੁਣਾਂ ਦਾ ਰਹਿੰਦਾ ਹੈ। ਵੱਡੇ ਗੁਣਾਂ ਨਾਲ ਭਰਪੂਰ ਰਚਨਾਵਾਂ ਆਪਣੀਆਂ ਅੰਸ਼ਿਕ ਕਿਸਮ ਦੀਆਂ ਛੋਟੀਆਂ ਸੀਮਾਵਾਂ ਢੱਕ ਲੈਂਦੀਆਂ ਹਨ।



**ਡਾ. ਮਹਿਲ ਸਿੰਘ**
ਪ੍ਰਿੰਸੀਪਲ
ਖ਼ਾਲਸਾ ਕਾਲਜ
ਅੰਮ੍ਰਿਤਸਰ
9872266667

ਵੀਹਵੀਂ ਸਦੀ ਦੇ ਸਾਡੇ ਪੂਰੇ ਨਾਵਲੀ ਇਤਿਹਾਸ ਵਿਚ ਦ੍ਰਿਸ਼ਾਵਲੀ ਤੇ ਦ੍ਰਿਸ਼ਟੀ ਦੇ ਪੱਖ ਤੋਂ ਕੁਝ ਸ਼ਾਹਕਾਰ ਜਾਂ ਯਾਦਗਾਰੀ ਨਾਵਲ ਹਨ। ਮਿਸਾਲ ਵਜੋਂ ਭਾਈ ਵੀਰ ਸਿੰਘ ਦਾ **ਸੁੰਦਰੀ** (1897), ਨਾਨਕ ਸਿੰਘ ਦਾ **ਪਵਿੱਤਰ ਪਾਪੀ** (1942), ਸੁਰਿੰਦਰ ਸਿੰਘ ਨਰੂਲਾ ਦਾ **ਪਿਉ-ਪੁੱਤਰ** (1946), ਜਸਵੰਤ ਕੰਵਲ ਦਾ **ਪੂਰਨਮਾਸ਼ੀ** (1949), ਸੰਤ ਸਿੰਘ ਸੇਖੋਂ ਦਾ **ਲਹੂ ਮਿੱਟੀ** (1949), ਸੋਹਣ ਸਿੰਘ ਸੀਤਲ ਦਾ **ਤੂਤਾਂ ਵਾਲਾ ਖੂਹ** (1963), **ਜੁੱਗ ਬਦਲ ਗਿਆ** (1972),

ਗੁਰਦਿਆਲ ਸਿੰਘ ਦਾ **ਮੜ੍ਹੀ ਦਾ ਦੀਵਾ** (1964), **ਅਣਹੋਏ** (1966), **ਅੱਧ ਚਾਨਣੀ ਰਾਤ** (1972), ਦਲੀਪ ਕੌਰ ਟਿਵਾਣਾ ਦਾ **ਏਹੁ ਹਮਾਰਾ ਜੀਵਣਾ** (1968), ਕਰਮਜੀਤ ਕੁੱਸਾ ਦਾ **ਰੋਹੀ ਬੀਆਬਾਨ** (1983), ਰਾਮ ਸਰੂਪ ਅਣਖੀ **ਕੋਠੇ ਖੜਕ ਸਿੰਘ** (1985), **ਪਰਤਾਪੀ** (1993), ਜਸਬੀਰ ਮੰਡ ਦਾ **ਔੜ ਦੇ ਬੀਜ** (1986) ਅਤੇ ਕੁਝ ਹੋਰ ਨਾਵਲ ਨਾਵਲੀ ਇਤਿਹਾਸ ਵਿਚ ਵੱਡੇ ਮੀਲ-ਪੱਥਰ ਹਨ। ਅਜਿਹੇ ਨਾਵਲਾਂ ਰਾਹੀਂ ਸਾਨੂੰ ਆਪਣੇ ਸਾਹਿਤ ਦੀ ਉੱਤਮਤਾ ਸਬੰਧੀ ਸੰਵਾਦ ਤੋਰਨ ਦੀ ਲੋੜ ਹੈ।

ਸਾਡਾ ਪਹਿਲਾ ਮੌਲਿਕ ਪੰਜਾਬੀ ਨਾਵਲ ਭਾਈ ਵੀਰ ਸਿੰਘ ਦਾ **ਸੁੰਦਰੀ** (1897) ਹੈ। ਇਸ ਕਰਕੇ ਇਸ ਦਾ ਵਿਸ਼ੇਸ਼ ਰੁਤਬਾ ਹੈ। ਦੂਜਾ, ਇਸ ਨਾਵਲ ਦਾ ਆਪਣੇ ਸਮੇਂ-ਸਥਾਨ ਵਿਚ ਵਿਸ਼ੇਸ਼ ਵਿਸ਼ੇਗਤ ਮਹੱਤਵ ਉੱਭਰਦਾ ਹੈ। ਜਾਹਨ ਬਨੀਅਨ ਦੇ ਨਿਰੋਲ ਧਾਰਮਿਕ ਵੰਨਗੀ ਵਾਲੇ ਨਾਵਲ **ਪਿਲਗ੍ਰਿਮਜ਼ ਪ੍ਰੋਗਰੈਸ** (**ਮਸੀਹ ਮੁਸਾਫ਼ਰ ਦੀ ਯਾਤਰਾ**, 1859) ਨੂੰ ਵੀ ਕਈ ਆਲੋਚਕ ਸ਼ਾਹਕਾਰ ਜਾਂ ਕਲਾਸਿਕ ਰਚਨਾ ਹੋਣ ਦਾ ਦਰਜ਼ਾ ਦਿੰਦੇ ਹਨ। ਇਸ ਕਰਕੇ ਕਈ ਪੱਖਾਂ ਜਾਂ ਕਾਰਨਾਂ ਕਰਕੇ **ਸੁੰਦਰੀ** ਨਾਵਲ ਨੂੰ ਵੀ ਸ਼ਾਹਕਾਰ ਕਿਹਾ ਜਾ ਸਕਦਾ ਹੈ। ਪਰ ਇਥੇ ਇਸ ਨਾਵਲ ਪ੍ਰਤੀ ਅਜਿਹਾ ਆਲੋਚਨਾਤਮਿਕ ਕਾਰਜ ਕਿਸੇ ਹੋਰ ਸਮੇਂ 'ਤੇ ਛੱਡਦੇ ਹੋਏ ਨਾਨਕ ਸਿੰਘ ਦੇ ਨਾਵਲ ਤੋਂ ਸ਼ੁਰੂਆਤ ਕੀਤੀ ਜਾ ਰਹੀ ਹੈ।

ਨਾਨਕ ਸਿੰਘ ਦਾ 1932 ਵਿਚ ਪ੍ਰਕਾਸ਼ਿਤ ਹੋਇਆ ਨਾਵਲ **ਚਿੱਟਾ ਲਹੂ** ਵਿਸ਼ੇਸ਼ ਧਿਆਨ ਖਿੱਚਦਾ ਹੈ। ਇਸ ਨੂੰ ਕੁਝ ਆਲੋਚਕ 'ਸ਼ਾਹਕਾਰ' ਰਚਨਾ ਵੀ ਮੰਨਦੇ ਹਨ। **ਚਿੱਟਾ ਲਹੂ** (1932) ਆਪਣੇ ਸਮੇਂ ਦੀ ਰਾਸ਼ਟਰੀ ਤੇ ਗੁਰਦੁਆਰਾ ਸੁਧਾਰ ਲਹਿਰ ਨਾਲ ਸਬੰਧਿਤ ਨਾਵਲ ਹੈ। ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸੰਵਿਧਾਨਕ-ਸਰਕਾਰੀ ਮਾਨਤਾ ਮਿਲ ਜਾਂਦੀ ਹੈ। ਦੇਸ਼ ਆਜ਼ਾਦ ਹੋ ਜਾਂਦਾ ਹੈ। ਇਸ ਕਰਕੇ ਅਜਿਹੀਆਂ ਲਹਿਰਾਂ ਦੀ ਵਿਚਾਰਧਾਰਾ ਪ੍ਰਤੀ ਹੁੰਗਾਰਾ ਮੱਠਾ ਪੈ ਜਾਂਦਾ ਹੈ। ਇਸ ਤਰ੍ਹਾਂ ਅਜਿਹੀਆਂ ਲਹਿਰਾਂ ਨਾਲ ਜੁੜੀਆਂ ਰਚਨਾਵਾਂ ਦੀ ਮਾਨਤਾ ਵੀ ਘਟਣ ਲੱਗਦੀ ਹੈ। ਇਸ ਕਰਕੇ **ਚਿੱਟਾ ਲਹੂ** ਭਾਵੇਂ ਆਪਣੇ ਸਮਿਆਂ ਦੀ ਵੱਡੀ ਰਚਨਾ ਤਾਂ ਹੈ ਪਰ ਇਹ ਕਲਾਸਿਕ ਨਹੀਂ ਹੈ। ਸਾਹਿਤ ਵਿਚ ਕਲਾਸਿਕ ਹੋਣ ਦਾ ਅਰਥ ਅਤੀ-ਉੱਤਮ ਤੇ ਪ੍ਰਮਾਣਿਕ ਕਲਾਤਮਿਕ ਰਚਨਾ ਤੋਂ ਹੈ। ਕਲਾਸਿਕ ਸਾਹਿਤ ਰਚਨਾਵਾਂ ਦੀ ਪਛਾਣ ਸਦਾ-ਬਹਾਰ ਹੁੰਦੀ ਹੈ। ਕਲਾਸਿਕ ਰਚਨਾ ਦਾ ਪ੍ਰਭਾਵ ਸਮੇਂ-ਸਥਾਨ ਤੋਂ ਪਾਰ ਬਣਿਆ ਰਹਿੰਦਾ ਹੈ। ਮਿਸਾਲ ਵਜੋਂ **ਵਾਰਿਸ ਦੀ ਹੀਰ** ਵਗੈਰਾ ਕਲਾਸਕੀ ਮਿਆਰ ਵਾਲੀਆਂ ਸਿਰਮੌਰ ਰਚਨਾਵਾਂ ਹਨ। ਇਨ੍ਹਾਂ ਦੇ ਵਿਸ਼ੇਗਤ ਮਹੱਤਵ, ਸਾਹਿਤਕ ਪਾਇਦਾਰੀ ਤੇ ਲੋਕਪ੍ਰਿਯਤਾ ਦੀ ਅੱਜ ਵੀ ਲੋਕ-ਮਾਨਤਾ ਹੈ।

ਨਾਨਕ ਸਿੰਘ ਦਾ **ਪਵਿੱਤਰ ਪਾਪੀ** (1942) ਨਾਵਲ ਆਪਣੇ ਛਪਣ ਕਾਲ ਤੋਂ ਨਿਰੰਤਰ ਰੂਪ ਵਿਚ ਪਾਠਕਾਂ ਦੇ ਚੇਤਿਆਂ ਵਿਚ ਜੀਵੰਤ ਹੈ। ਅਜਿਹਾ ਇਸ ਨਾਵਲ ਦੀਆਂ ਕੁਝ ਖਾਸ ਵਿਸ਼ੇਸ਼ਤਾਈਆਂ ਕਰਕੇ ਹੈ। ਇਸ ਨਾਵਲ ਦਾ ਅੰਦਰਲਾ ਸਮਾਂ-ਸਥਾਨ ਆਪਣੇ ਛਪਣ ਕਾਲ ਤੋਂ ਦਸ ਸਾਲ ਪਹਿਲਾਂ (1931-32) ਦਾ ਹੈ। ਉਸ ਸਮੇਂ ਸਮਾਜ ਵਿਚ ਮੰਦੀ ਦਾ ਦੌਰ ਸੀ। ਆਰਥਿਕ ਮੰਦਵਾੜੇ ਵਿਚ ਤਨਖਾਹਾਂ ਘਟ ਰਹੀਆਂ ਸਨ। ਮਾਲਕ ਇਕ ਨੌਕਰ ਤੋਂ ਵੱਖ-ਵੱਖ ਤੇ ਵਧੇਰੇ ਕੰਮ ਲੈਣ ਦੀ ਨੀਤੀ ਅਪਣਾ ਰਹੇ ਸਨ। ਇਸ ਕਰਕੇ ਪੁਰਾਣੇ ਨੌਕਰ ਬਦਲੇ ਜਾ ਰਹੇ ਸਨ। ਇਹ ਆਪਣੇ ਸਮਿਆਂ ਦੇ ਸਮਾਜਕ-ਯਥਾਰਥ ਨਾਲ ਜੁੜੀ ਰਚਨਾ ਹੈ। ਪੰਨਾ ਲਾਲ ਰਾਵਲਪਿੰਡੀ ਵਿਖੇ ਘੜੀਸਾਜ਼ ਦੀ ਦੁਕਾਨ 'ਤੇ ਅਕਾਊਂਟੈਂਟ ਹੈ। ਇਸ ਦੀ ਪਹਿਲਾਂ ਪੰਜ ਰੁਪਏ ਤਨਖਾਹ ਘੱਟ ਕਰ ਦਿੱਤੀ ਜਾਂਦੀ ਹੈ। ਫਿਰ ਅਤਰ ਸਿੰਘ ਘੜੀਆਂ ਦੇ ਕਾਰੀਗਰ ਤੇ ਲੇਖੇ-ਜੋਖੇ ਦੇ ਕੰਮਾਂ ਲਈ ਕਿਦਾਰ ਨੂੰ ਰੱਖ ਲੈਂਦਾ ਹੈ। ਸਰਦਾਰ ਅਤਰ ਸਿੰਘ ਨੂੰ ਪਹਿਲੀ ਨਜ਼ਰੇ ਕਿਦਾਰ ਕੋਈ ਮੰਗਤਾ ਜਾਪਦਾ ਹੈ। ਇਹ ਵੇਰਵੇ ਉਸ ਸਮੇਂ ਦੇ ਬੀ.ਏ. ਪਾਸ ਕਿਦਾਰ ਰਾਹੀਂ ਉੱਚ-ਵਿਦਿਆ ਦੀ ਬੇਕਦਰੀ ਤੇ ਬੇਰੁਜ਼ਗਾਰੀ ਦਾ ਬੋਧ ਕਰਾਉਂਦੇ ਹਨ। ਕਿਦਾਰ 'ਐਬਟਾਬਾਦ' ਤੋਂ ਆ ਕੇ ਪੰਜਾਬ ਵਿਚ ਨੌਕਰੀ ਲਈ ਥਾਂ-ਥਾਂ ਭਟਕਦਾ ਹੈ। ਉਂਜ ਕਿਦਾਰ ਕਈ ਮਾਨਵੀਂ ਗੁਣਾਂ ਨਾਲ ਭਰਪੂਰ ਕਿਰਦਾਰ ਹੈ। ਉਹ ਸਾਊ, ਇਮਾਨਦਾਰ, ਪਰਉਪਕਾਰੀ, ਮਾਨਵਵਾਦੀ ਤੇ ਆਪਣੇ ਕਿੱਤੇ ਵਿਚ ਪੂਰੀ ਮੁਹਾਰਤ ਰੱਖਦਾ ਹੈ। ਪੰਨਾ ਲਾਲ ਦਾ ਇਕ ਤਾਂ ਰੁਜ਼ਗਾਰ ਖੁੱਸ ਜਾਂਦਾ ਹੈ। ਦੂਜਾ, ਉਸ ਦੀ ਧੀ ਦੇ ਲਾਲਚੀ ਸਹੁਰੇ ਰਿਸ਼ਤੇ ਤੋਂ ਨਾਂਹ-ਨੁਕਰ ਕਰਨ ਲੱਗਦੇ ਹਨ। ਇਨ੍ਹਾਂ ਸਦਮਿਆਂ ਦੇ ਸਿੱਟੇ ਵਜੋਂ ਪੰਨਾ ਲਾਲ ਘਰੋਂ ਨਿਕਲ ਜਾਂਦਾ ਹੈ। ਪੰਨਾ ਲਾਲ ਨੂੰ ਆਪਣੇ ਪਰਿਵਾਰ ਦੇ ਭਵਿੱਖ ਸਬੰਧੀ ਹਨੇਰਾ ਛਾ ਜਾਣ ਦਾ ਡਰ ਸਤਾਉਣ ਲੱਗਦਾ ਹੈ। ਕਿਉਂਕਿ, ਇਸ ਦੇ ਚਾਰ ਬੱਚਿਆਂ (ਦੋ ਲੜਕੀਆਂ ਤੇ ਦੋ ਲੜਕੇ) ਸਮੇਤ ਵੱਡੀ ਘਰ-ਗ੍ਰਹਿਸਤੀ ਹੈ। ਇਸ ਕੋਲ ਉਪਜੀਵਕਾ ਦਾ ਹੋਰ ਕੋਈ ਸਾਧਨ ਨਹੀਂ ਹੈ। ਇਸ ਆਰੰਭਕ ਤੰਦ ਉੱਤੇ ਅੱਗੇ ਸਮੁੱਚਾ ਗਲਪੀ ਬਿਰਤਾਂਤ ਵਿਸਥਾਰ ਲੈਂਦਾ ਹੈ।

ਇਸ ਨਾਵਲ ਦੀ ਬਣਤਰ ਵਿਚ ਵਿਸ਼ੇਸ਼ ਸੰਘਣਨ ਹੈ। ਨਾਵਲ ਵਿਚ ਮੁੱਖ ਪਾਤਰ ਅੱਗੇ ਕਈ ਆਰਥਿਕ ਤੇ ਮਾਨਸਿਕ ਸਮੱਸਿਆਵਾਂ ਰੂਬਰੂ ਹਨ। ਪੰਨਾ ਲਾਲ ਕਿਧਰ ਤੇ ਕਿਓਂ ਗਿਆ? ਇਸ ਨੂੰ ਚਿੱਠੀਆਂ ਦੀ ਅੜੇਸ ਰਾਹੀਂ ਪੁਰ ਕੀਤਾ ਗਿਆ ਹੈ। ਪੰਨਾ ਲਾਲ ਵੱਲੋਂ ਭੇਜੀ ਚਿੱਠੀ ਪੜ੍ਹ ਕੇ ਕਿਦਾਰ ਦੇ ਹੱਥ ਕੰਬਣ ਲੱਗਦੇ ਹਨ। ਉਹ ਪੰਨਾ ਲਾਲ ਦੀ ਬਦ-ਦੁਆ ਵਜੋਂ ਆਪਣੇ-ਆਪ ਨੂੰ ਪਾਪੀ ਸਮਝਣ ਲੱਗਦਾ ਹੈ। ਪਾਤਰਾਂ ਦੀ ਮਾਨਸਿਕ ਸਥਿਤੀ ਅੰਦਰੇ-ਅੰਦਰ ਖੌਲਦੇ ਸਮੁੰਦਰ ਵਾਂਗ ਹੈ। ਵੀਣਾ ਤੇ ਬਸੰਤ (ਦੋਵੇਂ ਭੈਣ-ਭਰਾ) ਆਪਣੇ ਪਿਤਾ ਪੰਨਾ ਲਾਲ ਦਾ ਪਤਾ ਕਰਨ ਲਈ ਅਤਰ ਸਿੰਘ ਦੀ ਦੁਕਾਨ ’ਤੇ ਆਉਂਦੇ ਹਨ। ਇਸ ਸਬੰਧੀ ਕਿਦਾਰ ਘਰ ਆ ਕੇ ਜਾਣੂੰ ਕਰਾਉਣ ਦਾ ਧਰਵਾਸ ਦਿੰਦਾ ਹੈ। ਉਹ ਪੰਨਾ ਲਾਲ ਦੇ ਆਪਣੇ ਮਾਲਕ ਲਈ ਕਿਸੇ ਕੰਮ ਸਬੰਧੀ ਬੰਬਈ ਜਾਣ ਦਾ ਬਹਾਨਾ ਸੁਣਾਉਂਦਾ ਹੈ। ਕਿਦਾਰ ਹਰ ਮਹੀਨੇ ਆਪਣੀ ਤਨਖਾਹ ਪੰਜ ਰੁਪਏ ਆਪਣੇ ਕੋਲ ਰੱਖ ਕੇ ਬਾਕੀ ਮਨੀਆਰਡਰ ਰਾਹੀਂ ਪੰਨਾ ਲਾਲ ਦੇ ਘਰ ਮਾਇਆ (ਪੰਨਾ ਲਾਲ ਦੀ ਪਤਨੀ) ਨੂੰ ਭੇਜਦਾ ਰਹਿੰਦਾ ਹੈ। ਪੰਨਾ ਲਾਲ ਦੇ ਘਰੋਂ ਚਲੇ ਜਾਣ ’ਤੇ ਪਰਿਵਾਰ ’ਤੇ ਛਾਏ ਸੰਕਟ ਸਬੰਧੀ ਸ਼ੰਕੇ ਤੇ ਸਵਾਲਾਂ ਦੀ ਨਵਿਰਤੀ ਕਿਦਾਰ ਦੀਆਂ ਚਿੱਠੀਆਂ ਰਾਹੀਂ ਹੋ ਜਾਂਦੀ ਹੈ। ਪੰਨਾ ਲਾਲ ਦੀ ਗ਼ੈਰ ਹਾਜ਼ਰੀ ਵਿਚ ਕਿਦਾਰ ਪਰਿਵਾਰ ਲਈ ਵੱਡਾ ਸਹਾਰਾ ਬਣਦਾ ਹੈ। ਕਿਦਾਰ ਖੁਦ ਲੋੜਵੰਦ ਹੈ। ਪਰ ਉਹ ਹੋਰਨਾਂ ਦੀਆਂ ਲੋੜਾਂ ਪੂਰੀਆਂ ਕਰਦਾ ਹੈ। ਇਸ ਤਰ੍ਹਾਂ ਨਾਵਲਕਾਰ ਮੁਤਾਬਕ ਬੰਦਾ ਆਪਣੇ ਵਿੱਤ ਵਜੋਂ ਮਹਿਦੂਦ ਵੀ ਹੈ ਤੇ ਲਾ-ਮਹਿਦੂਦ ਵੀ। ਪੰਨਾ ਲਾਲ ਦੀ ਪਤਨੀ ਮਾਇਆ ਪਹਿਲਾਂ ਵੀਣਾ ਦੇ ਸਹੁਰਿਆਂ ਤੋਂ ਚਿੱਠੀ ਕਾਰਣ ਪ੍ਰੇਸ਼ਾਨ ਹੁੰਦੀ ਹੈ। ਫਿਰ ਮਾਇਆ ਨੂੰ ਪਤੀ ਦੇ ਘਰ ਨਾ ਮੁੜਣ ਦੀ ਚਿੰਤਾ ਸਤਾਉਣ ਲੱਗਦੀ ਹੈ। ਪੰਨਾ ਲਾਲ ਤੇ ਮਾਇਆ ਦੇ ਪਰਿਵਾਰ ਉੱਤੇ ਵੀਣਾ ਦੇ ਵਿਆਹ ਅਤੇ ਕਰਜ਼ੇ ਦਾ ਸੰਕਟ-ਦਰ-ਸੰਕਟ ਉਪਜਦਾ ਹੈ। ਜੇ ਇਕ ਆਰਥਿਕ ਸੰਕਟ ਟਲਦਾ ਹੈ ਤਾਂ ਹੋਰ ਨਵਾਂ ਸੰਕਟ ਖੜ੍ਹਾ ਹੋ ਜਾਂਦਾ ਹੈ। ਕਿਦਾਰ ਭਾਵੇਂ ਪਰਿਵਾਰ ਦਾ ਹਰ ਸਮੇਂ-ਸਮੇਂ ਸੰਕਟ ਨਵਿਰਤ ਕਰਦਾ ਹੈ, ਪਰ ਇਸ ਦੇ ਬਾਵਜੂਦ ਪਾਤਰਾਂ ਦੇ ਜੀਵਨ ਦੀਆਂ ਉਲਝਣਾਂ ਜਾਂ ਗੁੰਝਲਾਂ ਮੁਕਦੀਆਂ ਨਹੀਂ ਹਨ। ਨਾਵਲ ਵਿਚ ਵੱਖ-ਵੱਖ ਤੰਦਾਂ ਦੀ ਸੰਘਣੀ ਬੁਣਤੀ ਹੈ। ਇਸ ਨਾਲ ਨਾਵਲ ਦਿਲਚਸਪ ਵੀ ਬਣਦਾ ਹੈ ਤੇ ਮਿਆਰੀ ਵੀ।

**ਪਵਿੱਤਰ ਪਾਪੀ** ਦੀ ਰੂਪਕੀ-ਵਿਧੀ ਬਿਪਤਾ-ਦਰ-ਬਿਪਤਾ ਦੀ ਹੈ। ਇਸ ਦੇ ਮੁੱਖ ਪਾਤਰ ਇਕਹਿਰੇ ਨਹੀਂ, ਜਟਿਲ ਕਿਰਦਾਰ ਹਨ। ਮਨੁੱਖੀ ਮਨੋਸਥਿਤੀ ਇਕ ਮਿਸ਼ਰਤ ਸੰਰਚਨਾ ਵਾਂਗ ਪੇਸ਼ ਹੋਈ ਹੈ। ਇਸ ਦੀਆਂ ਮਨੋ-ਤਰੰਗਾਂ ਆਪੋ ਵਿਚ ਗੁੰਝਲੋਂ-ਗੁੰਝਲ ਹਨ। ਨਾਵਲ ਦੀਆਂ ਕਈ ਹੋਰ ਤੰਦਾਂ ਦੀ ਅੰਤਰ-ਸਬੰਧਿਤਾ ਨਾਲ ਕਿਦਾਰ ਦੇ ‘ਪਵਿੱਤਰ’ ਤੇ ‘ਪਾਪੀ’ ਹੋਣ ਦਾ ਮਨੋਵਿਸਲੇਸ਼ਣ ਸਿਖ਼ਰ ’ਤੇ ਪਹੁੰਚਦਾ ਹੈ। ਕਿਦਾਰ ਨੂੰ ਪਹਿਲਾ ਪਛਤਾਵਾ ਪੰਨਾ ਲਾਲ ਦਾ ਰੁਜ਼ਗਾਰ ਖੋਹਣ ਦਾ ਹੈ। ਇਸ ਸਬੰਧੀ ਉਸ ਨੂੰ ਪਾਪੀ ਹੋਣ ਦਾ ਸ੍ਵੈ-ਦੋਸ਼ ਬੇਚੈਨ ਕਰਦਾ ਹੈ। ਉਹ ਪੰਨਾ ਲਾਲ ਦੇ ਪਰਿਵਾਰ ਦੀ ਹਰ ਜ਼ਰੂਰਤ ਪੂਰੀ ਕਰਦਾ ਹੈ। ਇਸ ਤਰ੍ਹਾਂ ਨਾਵਲੀ ਬਿਰਤਾਂਤ ਪਾਪੀ ਤੇ ਪਵਿੱਤਰ ਹੋਣ ਦੀ ਮਿਸ਼ਰਤ ਚਾਲੇ ਤੁਰਦਾ ਹੈ। ਇਸ ਦੇ ਪਾਤਰ ਮਨੁੱਖੀ ਫਿਤਰਤ ਦੀ ਵੰਨ-ਸੁਵੰਨਤਾ ਦਾ ਪ੍ਰਗਟਾਵਾ ਹਨ। ਇਹ ਮਨੁੱਖੀ ਕਿਰਦਾਰ ਦੀ ਜਟਿਲਤਾ ਨੂੰ ਭਰਵੇਂ ਤੇ ਵੱਡੇ ਰੂਪ ਵਿਚ ਪੇਸ਼ ਕਰਨ ਵਾਲਾ ਪਹਿਲਾ ਵੱਡਾ ਨਾਵਲ ਹੈ। ਨਾਵਲ ਦਾ ਕੇਂਦਰੀ ਪਾਤਰ ਪੈਰੋਂ-ਪੈਰ ਅੱਗੇ ਹੋਰ ਭਾਵੁਕ ਵਿਗੋਚਿਆ ਵਿਚ ਗ੍ਰਸਿਆ ਜਾਂਦਾ ਹੈ। ਕਿਦਾਰ ਪੰਨਾ ਲਾਲ ਦੀ ਪਤਨੀ ਮਾਇਆ ਨੂੰ ‘ਧਰਮ ਮਾਂ’ ਮੰਨਦਾ ਹੈ। ਮਾਇਆ ਵੀ ਉਸ ਨੂੰ ਪੁੱਤਾਂ ਵਾਂਗ ਪਿਆਰ ਕਰਦੀ ਹੈ। ਵੀਣਾ ਵੀ ਕਿਦਾਰ ਨੂੰ ‘ਭਰਾ ਜੀ’ ਕਹਿੰਦੀ ਹੈ। ਪਰ ਕਿਦਾਰ ਆਪਣੇ ਜਵਾਨ ਮਨੋਭਾਵਾਂ ਦੇ ਦਬਾਅ ਤਹਿਤ ਮਨ ਹੀ ਮਨ ਵੀਣਾ ਨੂੰ ਚਾਹੁਣ ਲੱਗਦਾ ਹੈ। ਵੀਣਾ ਛੋਟੇ ਹੁੰਦਿਆਂ ਤੋਂ ਹੀ ਗੁਜ਼ਰਖਾਨ ਵਿਖੇ ਬ੍ਰਿਜ ਲਾਲ ਨਾਂ ਦੇ ਨੌਜਵਾਨ ਨਾਲ ਮੰਗੀ ਹੋਈ ਹੈ। ਕਿਦਾਰ ਮੌਕੇ ਸਿਰ ਆਪਣੇ ਪਿਆਰ ਦਾ ਵੀਣਾ ਅੱਗੇ ਪ੍ਰਗਟਾਵਾ ਵੀ ਕਰਦਾ ਹੈ। ਇਸ ਸਬੰਧੀ ਨਾਵਲ ਵਿਚ ਕਿਦਾਰ ਦੀਆਂ ਕਈ ਪਹਿਲ ਕਦਮੀਆਂ ਹਨ। ਪਰ ਵੀਣਾ ਸ਼ੁਰੂ ਵਿਚ ਮੂੰਹ ਬੋਲੇ ਭਰਾ ਨਾਲ ਕੋਈ ਹੋਰ ਰਿਸ਼ਤਾ ਬਨਾਉਣ ਤੋਂ ਸੰਕੋਚ ਕਰਦੀ ਹੈ। ਇਸ ਤਰ੍ਹਾਂ ਪਾਤਰਾਂ ਦੀ ਇੱਛਾ ਅਤੇ ਸੰਕੋਚ ਦਾ ਦਵੰਦ ਮਾਨਸਿਕ ਸੰਕਟ ਨੂੰ ਸਿਖ਼ਰ ’ਤੇ ਪੁਚਾ ਦਿੰਦਾ ਹੈ। ਇਨ੍ਹਾਂ ਦੇ ਦਬਾਅ ਸਾਹਵੇਂ ਵੀਣਾ ਤੇ ਕਿਦਾਰ ਦੀ ਜੀਵਨ ਲੀਲਾ ਨੂੰ ਹੀ ਖ਼ਤਰਾ ਪੈਦਾ ਹੋ ਜਾਂਦਾ ਹੈ। ਸੁਤੰਤਰਤਾ ਤੋਂ ਪਹਿਲਾਂ ਦਾ ਸਮਾਂ ਸਾਡੇ ਲਈ ਸੁਪਨਿਆਂ ਰੂਪੀ ਵਿਚਾਰਧਾਰਾਈ ਲਹਿਰਾਂ ਦਾ ਸੀ। ਅਜਿਹੇ ਸਮੇਂ ਦੇ ਪ੍ਰਭਾਵ ਤੋਂ ਬਿਲਕੁਲ ਪਾਸੇ ਹਟ ਕੇ ਨਾਨਕ ਸਿੰਘ **ਪਵਿੱਤਰ ਪਾਪੀ** ਨਾਵਲ ਰਾਹੀਂ ਜ਼ਿੰਦਗੀ ਦੀ ਅਸਲ ਤੇ ਕਠੋਰ ਹਕੀਕਤ ਦੇ ਰੂਬਰੂ ਹੁੰਦਾ ਹੈ। ਇਸ ਨਾਵਲ ਵਿਚ ਪ੍ਰਕਿਰਤੀ ਅਰਥਾਤ ਮਨੁੱਖੀ ਪ੍ਰਵਿਰਤੀ ਅਤੇ ਸੰਸਕ੍ਰਿਤੀ ਦੇ ਭੇੜ ਦਾ ਮਨੋ-ਚਿਤ੍ਰਣ ਪੇਸ਼ ਹੋਇਆ ਹੈ। ਸਮਾਜਕ-ਪਰਿਵਾਰਕ ਸਮੱਸਿਆਵਾਂ ਵਿਚੋਂ ਪਾਤਰਾਂ ਦੀ ਮਨੋਸਥਿਤੀ ਲਗਾਤਾਰ ਤਣਾਓ-ਗ੍ਰਸਤ ਵਿਖਾਈ ਦਿੰਦੀ ਹੈ। ਇਹ ਇਕ ਮਨੋ-

ਵਿਸ਼ਲੇਸ਼ਣੀ ਨਾਵਲ ਹੈ। ਇਸ ਨਾਵਲ ਦੀ ਅਜਿਹੀ ਪੇਸ਼ਕਾਰੀ ਕੇਂਦਰੀ ਪਾਤਰ ਕਿਦਾਰ ਅਤੇ ਮੁੱਖ ਪਾਤਰ ਮਾਇਆ, ਪੰਨਾ ਲਾਲ ਤੇ ਵੀਣਾ (ਮਾਂ ਤੇ ਧੀ) ਦੀ ਚਰਿੱਤਰ ਉਸਾਰੀ ਵਿਚੋਂ ਸਾਹਮਣੇ ਆਉਂਦੀ ਹੈ।

ਕਿਦਾਰ ਨੂੰ ਪੰਨਾ ਲਾਲ ਸਬੰਧੀ ਮਾਇਆ ਕੋਲ ਝੂਠੇ ਬਹਾਨੇ ਬਨਾਉਣ ਦੀ ਵੀ ਪ੍ਰੇਸ਼ਾਨੀ ਹੈ। ਸ਼ੁਰੂ ਵਿਚ ਕਿਦਾਰ ਨੂੰ ਆਪਣੀ 'ਧਰਮ ਮਾਂ' ਦੀ ਬੇਟੀ ਵੀਣਾ ਨੂੰ ਜੀਵਨ ਸਾਥੀ ਵਜੋਂ ਚਾਹੁਣ ਦੀ ਝਿਜਕ ਵੀ ਹੈ। ਫਿਰ ਉਸ ਨੂੰ ਸਭ ਤੋਂ ਵੱਡੀ ਮਾਨਸਿਕ ਪੀੜਾ ਵੀਣਾ ਤੋਂ ਵਿਛੋੜੇ ਦੀ ਹੈ। ਸ਼ੁਰੂ ਵਿਚ ਵੀਣਾ ਆਪਣੀ ਨੈਤਿਕ ਮਰਯਾਦਾ ਨੂੰ ਲੰਘਣ ਤੋਂ ਝਿਜਕਦੀ ਹੈ। ਆਪਣੇ ਭਾਵੁਕ ਵਿਗੋਚੇ ਦੀ ਵੱਡੀ ਪੀੜਾ ਦੇ ਬਾਵਜੂਦ ਕਿਦਾਰ ਵੀਣਾ ਦੇ ਵਿਆਹ ਲਈ ਲੋੜੀਂਦਾ ਪ੍ਰਬੰਧ ਕਰਦਾ ਹੈ। ਪੰਨਾ ਲਾਲ ਦੇ ਪਰਿਵਾਰ 'ਤੇ ਮੰਦਹਾਲੀ ਆ ਜਾਣ ਕਰਕੇ ਵੀਣਾ ਦਾ ਰਿਸ਼ਤਾ ਟੁੱਟਣ ਲੱਗਦਾ ਹੈ। ਪਰ ਕਿਦਾਰ ਦੇ ਕਹਿਣ 'ਤੇ ਮਾਇਆ ਵੱਲੋਂ ਵੀਣਾ ਦੇ ਸਹੁਰਿਆਂ ਨੂੰ ਖੁੱਲ੍ਹਾ ਖਰਚ ਕਰਨ ਦਾ ਵਿਸ਼ਵਾਸ ਦਿੱਤਾ ਜਾਂਦਾ ਹੈ। ਕਿਦਾਰ ਵਿਆਹ ਲਈ ਚੋਰੀ ਆਪਣਾ ਐਬਟਾਬਾਦ ਵਾਲਾ ਪੁਸ਼ਤੈਨੀ ਮਕਾਨ ਵੇਚ ਦਿੰਦਾ ਹੈ। ਉਹ ਆਪਣੇ ਮਕਾਨ ਤੋਂ ਪ੍ਰਾਪਤ ਅੱਠ ਸੌ ਰੁਪਏ ਮਾਇਆ ਨੂੰ ਦਿੰਦਾ ਹੈ। ਬਾਅਦ ਵਿਚ ਮਾਇਆ ਦੇ ਮਕਾਨ ਦੀ ਕਰਜ਼ੇ ਕਾਰਨ ਕੁਰਕੀ ਹੋਣ ਲੱਗਦੀ ਹੈ। ਇਸ ਸਬੰਧੀ ਕਿਦਾਰ ਆਪਣੇ ਮਾਲਕ ਅਤਰ ਸਿੰਘ ਦੇ ਪੈਸੇ (ਜੋ ਬੈਂਕ ਵਿਚ ਜਮ੍ਹਾਂ ਕਰਾਉਣੇ ਸਨ) ਰਾਹੀਂ ਭੁਗਤਾਨ ਕਰ ਦਿੰਦਾ ਹੈ। ਇਸ ਤਰ੍ਹਾਂ ਮਾਇਆ ਦੇ ਆਰਥਿਕ ਸੰਕਟ ਟਲ ਜਾਂਦੇ ਹਨ। ਪਰ ਕਿਦਾਰ ਦਾ ਮਾਨਸਿਕ ਸੰਕਟ ਪੈਰੋਂ-ਪੈਰ ਹੋਰ ਗਹਿਰਾ ਹੋ ਜਾਂਦਾ ਹੈ। ਕਿਦਾਰ ਨੂੰ ਵੀਣਾ ਵੱਲੋਂ ਧਰਮ ਭਰਾ ਮੰਨੇ ਜਾਣ ਤੋਂ ਚਿੜ੍ਹ ਹੋਣ ਲੱਗਦੀ ਹੈ। ਕਿਦਾਰ ਮੁਤਾਬਿਕ, "ਕੌਣ ਕਹਿੰਦਾ ਹੈ, ਅਸੀਂ ਭੈਣ-ਭਰਾ ਹਾਂ?"[1] ਉਹ ਵੀਣਾ ਅੱਗੇ ਜ਼ਿੰਦਗੀ ਜਾਂ ਮੌਤ ਦੇਣ ਦੀ ਚੋਣ ਦਾ ਪ੍ਰਸਤਾਵ ਰੱਖਦਾ ਹੈ। ਇਸ ਤਰ੍ਹਾਂ ਮਾਨਸਿਕ ਰੁਚੀਆਂ ਤੇ ਲੋੜਾਂ ਦੇ ਜ਼ੋਰ ਸਾਹਵੇਂ ਮੂੰਹ ਬੋਲੇ ਸਭਿਆਚਾਰਕ ਰਿਸ਼ਤਿਆਂ ਪ੍ਰਤੀ ਸਵਾਲ ਰੂਪੀ ਸ਼ੰਕੇ ਉਪਜਦੇ ਹਨ। ਕੋਈ ਰਚਨਾ ਕਲਾਸਿਕ ਬਣਦੀ ਹੀ ਤਾਂ ਹੈ ਜੋ ਨਵੇਂ ਅਰਥਾਂ ਜਾਂ ਸਵਾਲਾਂ ਦੀ ਸਿਰਜਣਾ 'ਤੇ ਤਰਫ਼ਦਾਰੀ ਕਰੇ। ਕਿਦਾਰ ਦੇ ਸੰਕਟ ਰਾਹੀਂ ਨਾਵਲਕਾਰ ਨੇ ਸਾਡੇ ਮੂੰਹ ਬੋਲੇ ਰਿਸ਼ਤਿਆਂ ਦੀ ਸਮਾਜਕ ਮਾਨਤਾ ਪ੍ਰਤੀ ਸ਼ੰਕੇ ਦਾ ਨਵਾਂ ਪ੍ਰਵਚਨ ਸਿਰਜਿਆ ਹੈ। ਕਿਦਾਰ ਵੀਣਾ ਨੂੰ ਕਿਸੇ ਹੋਰ ਦੀ ਅਮਾਨਤ ਵੀ ਸਮਝਦਾ ਹੈ। ਇਸ ਕਰਕੇ ਉਹ ਕਿਸੇ ਦੀ 'ਅਮਾਨਤ ਵਿਚ ਖਿਆਨਤ' ਕਰਨ ਨੂੰ ਵੀ ਗੁਨਾਹ ਮੰਨਦਾ ਹੈ। ਪਰ ਇਸ ਦਵੰਦ ਦੇ ਸਨਮੁਖ ਵੀਣਾ ਦਾ ਵਿਛੋੜਾ ਕਿਦਾਰ ਲਈ ਅਸਹਿ ਬਣ ਜਾਂਦਾ ਹੈ। ਵੀਣਾ ਵੱਲੋਂ ਸ਼ੁਰੂ ਵਿਚ ਕੀਤੀ ਨਾਂਹ ਕਿਦਾਰ ਦੇ ਸੰਤਾਪ ਨੂੰ ਸਿਖ਼ਰ 'ਤੇ ਪਹੁੰਚਾ ਦਿੰਦੀ ਹੈ। ਕਿਦਾਰ ਨੂੰ ਸਭ ਤੋਂ ਵੱਡਾ ਮਾਨਸਿਕ ਸੰਕਟ ਵੀਣਾ ਪ੍ਰਤੀ ਭਾਵੁਕ ਲਗਾਵ ਦਾ ਹੈ। ਇਸ ਕਰਕੇ ਕੁਝ ਆਲੋਚਕ ਇਸ ਨਾਵਲ ਨੂੰ 'ਪਿਆਰ ਦੇ ਸਤਾਏ ਬੰਦੇ ਦੀ ਕਹਾਣੀ' ਮੰਨਦੇ ਹਨ।[2] ਕਿਦਾਰ ਆਪਣਿਆਂ ਵਾਂਗ ਮਾਇਆ ਦੇ ਪਰਿਵਾਰ ਨੂੰ ਪਾਲਦਾ ਹੈ। ਉਹ ਵੀਣਾ ਨੂੰ ਟਿਊਸ਼ਨ ਵੀ ਪੜ੍ਹਾਉਂਦਾ ਹੈ। ਪੰਨਾ ਲਾਲ ਦੇ ਪਰਿਵਾਰ 'ਤੇ ਕਿਦਾਰ ਦੇ ਬੇਅੰਤ ਉਪਕਾਰ ਹਨ। ਇਸ ਦੇ ਸਿੱਟੇ ਵਜੋਂ ਉਸ ਦਾ ਵੀਣਾ 'ਤੇ ਹੱਕ ਜਤਾਉਣਾ ਵਾਜਬ ਵੀ ਲੱਗਦਾ ਹੈ। ਉਂਜ ਕਿਦਾਰ ਆਪਣੇ ਕੀਤੇ ਕੰਮਾਂ ਦਾ ਕਿਤੇ ਵੀ ਪਰਿਵਾਰ ਨੂੰ ਕੋਈ ਅਹਿਸਾਨ ਨਹੀਂ ਜਤਾਉਂਦਾ ਹੈ। ਉਹ ਵੀਣਾ ਰਾਹੀਂ ਸਦਾ ਲਈ ਪਰਿਵਾਰ ਦਾ ਪਾਲਕ ਬਣਨਾ ਚਾਹੁੰਦਾ ਹੈ। ਪਰ ਉਸ ਦੀ ਪੇਸ਼ਕਸ਼ ਦਾ ਤ੍ਰਿਸਕਾਰ ਹੋ ਜਾਂਦਾ ਹੈ। ਇਸ ਇਨਕਾਰ ਤੋਂ ਹੀ ਉਸ ਦੇ ਜਿਊਣ ਸਬੰਧੀ ਪੈਰ ਉੱਖੜ ਜਾਂਦੇ ਹਨ। ਵੀਣਾ ਭਾਵੇਂ ਬਾਅਦ ਵਿਚ ਉਸ ਨਾਲ ਜੁੜਨ ਲਈ ਕਈ ਕੋਸ਼ਿਸ਼ਾਂ ਕਰਦੀ ਹੈ, ਪਰ ਕਿਦਾਰ ਨੂੰ ਇਕ ਵਾਰ ਹੋ ਗਈ ਨਾਂਹ ਦਾ ਧੱਕਾ ਮੁੜ ਸੰਭਲਣ ਹੀ ਨਹੀਂ ਦਿੰਦਾ ਹੈ। ਅਜਿਹੀ ਸਥਿਤੀ ਹੀ ਬਾਅਦ ਵਿਚ ਵੀਣਾ ਦੀ ਬਣ ਜਾਂਦੀ ਹੈ। ਇਹ ਦੋਵੇਂ ਪਾਤਰ ਆਪਣੇ ਪਿਆਰ ਭਾਵਾਂ ਦੇ ਅਤ੍ਰਿਪਤ ਰਹਿ ਜਾਣ ਦੇ ਸਿੱਟੇ ਵਜੋਂ ਮਨ ਹੀ ਮਨ ਖੀਣ ਹੋ ਜਾਂਦੇ ਹਨ। ਇਹ ਇਕ ਦੂਜੇ ਲਈ ਪਿਆਰ ਦਾ ਪਾਕਿ ਜਜ਼ਬਾ ਰੱਖਦੇ ਹਨ। ਪਰ ਇਨ੍ਹਾਂ ਦੀ ਆਪੋ-ਆਪਣੀ ਸੀਮਾ ਹੀ ਅਖ਼ੀਰ ਇਨ੍ਹਾਂ ਦਾ ਸਵੈ-ਦੋਸ਼ ਬਣ ਜਾਂਦੀ ਹੈ। ਕਿਦਾਰ ਜਿਵੇਂ-ਜਿਵੇਂ ਵਿਆਹ ਨੇੜ੍ਹੇ ਆਉਂਦਾ ਹੈ, ਤਿਵੇਂ-ਤਿਵੇਂ ਵੀਣਾ ਦੇ ਮੱਥੇ ਲੱਗਣ ਤੋਂ ਵੀ ਘਬਰਾਉਂਦਾ ਹੈ। ਉਸ ਨੂੰ ਵੀਣਾ ਦੇ ਸਦਾ ਲਈ ਖੁਸ ਜਾਣ ਦਾ ਸਦਮਾ ਤਬਾਹ ਕਰ ਦਿੰਦਾ ਹੈ। ਉਸ ਨੂੰ ਆਪਣਾ ਜੀਵਨ ਕਿਸੇ ਪਰਿਵਾਰਕ-ਸਮਾਜਕ ਕਾਫ਼ਲੇ ਤੋਂ ਟੁੱਟਿਆ ਮਹਿਸੂਸ ਹੁੰਦਾ ਹੈ। ਉਹ ਇਕਲਾਪੇ ਤੇ ਬੇਗਾਨਗੀ ਦਾ ਸ਼ਿਕਾਰ ਹੋ ਜਾਂਦਾ ਹੈ। ਸਮਾਜ ਉਸ ਲਈ ਅਜਨਬੀ ਹੋ ਜਾਂਦਾ ਹੈ। ਉਸ ਦੀ ਜ਼ਿੰਦਗੀ ਵਿਚ ਵੀਰਾਨੀ ਛਾ ਜਾਂਦੀ ਹੈ। ਇਸ ਦੇ ਪ੍ਰਗਟਾਵੇ ਵਜੋਂ ਹੀ ਕਿਦਾਰ ਵਾਰ-ਵਾਰ "ਅਲਵਿਦਾ ਐ ਕਾਫ਼ਲੇ ਵਾਲੋ ਮੁਝੇ ਅਬ ਛੋੜ ਦੋ। ਮੇਰੀ ਕਿਸਮਤ ਮੇਂ ਲਿਖੀ ਥੀ ਦਸ਼ਤ ਕੀ ਵੀਰਾਨੀਆਂ।"[3] ਗੁਣਗੁਣਾਉਂਦਾ ਹੈ। ਇਹ ਕਾਵਿ-ਟੋਟਾ ਅੰਤਰ-ਪਾਠ ਵਜੋਂ ਹੈ। ਇਸ ਨਾਲ ਨਾਵਲੀ ਥੀਮ ਨੂੰ ਹੋਰ ਗਹਿਰਾਈ ਮਿਲਦੀ ਹੈ। 'ਦਸਤ' ਮਾਰੂਥਲ ਵਿਚ ਰਹਿਣ ਵਾਂਗ ਨਿਰਾਰਥਕ ਹੋਂਦ ਦਾ ਬੋਧਕ ਹੈ। ਕਿਦਾਰ ਦੁਨਿਆਵੀਂ ਜਾਂ ਸਮਾਜਕ ਕਾਫ਼ਲੇ ਤੋਂ ਟੁੱਟਾ, ਸੱਖਣੀ, ਸੁੰਞੀ ਤੇ ਇਕਲਾਪੇ ਦਾ ਵੀਰਾਨ

ਜੀਵਨ ਜਿਊਂਦਾ ਹੈ। ਨਾਵਲ ਦੇ ਅਜਿਹੇ ਪ੍ਰੇਮੀ ਪਾਤਰਾਂ ਦੀ ਜ਼ਿੰਦਗੀ ਵਿਛੋੜੇ ਦੇ ਮੂਕ ਰੋਸ ਵਜੋਂ ਇਕੱਲਤਾ ਵਿਚ ਮੁੱਕ ਜਾਂਦੀ ਹੈ। ਆਪਸੀ ਦੂਰੀ ਦੇ ਡੂੰਘੇ ਵਿਯੋਗ ਵਿਚ ਪਹਿਲਾਂ ਵੀਨਾ ਚੱਲ ਵੱਸਦੀ ਹੈ ਤੇ ਫਿਰ ਕਿਦਾਰ। ਦੋਵੇਂ ਪਾਤਰ ਆਪੋ-ਆਪਣੀ ਫਰਜ਼-ਪੂਰਤੀ ਵਿਚ ਮਰਯਾਦਾ ਪ੍ਰਸ਼ੋਤਮ ਵੀ ਹਨ। ਦੁਨਿਆਵੀਂ ਰਵਾਇਤ ਦੀ ਪਾਲਣਾ ਤੇ ਨਿੱਜੀ ਚਾਹਤ ਦਾ ਵਿਰੋਧ-ਚਿੱਤਰ ਦੋਨਾਂ ਦਾ ਘਾਣ ਕਰ ਦਿੰਦਾ ਹੈ। ਇਨ੍ਹਾਂ ਪਾਤਰਾਂ ਵਿਚ ਤਿਆਗ ਤੇ ਪਰ-ਉਪਕਾਰ ਵੀ ਹੈ ਤੇ ਇਕ-ਦੂਜੇ ਲਈ ਮਰ-ਮਿਟਣ ਦਾ ਮਾਨਸਿਕ ਤਹੱਈਆਂ ਵੀ ਹੈ। ਇਹ ਨਿਰੋਲ ਦੁਖਾਂਤਕ-ਪਾਤਰ ਹਨ। ਇਹ ਪਾਤਰ ਆਦਰਸ਼ਕ ਵੀ ਹਨ ਤੇ ਹੱਡ-ਮਾਸ ਦੇ ਪੁਤਲੇ ਵੀ। ਜ਼ਿੰਦਗੀ ਜਾਂ ਜੀਵਨ ਵਿਚ ਕੋਈ ਮਨੁੱਖੀ ਪਾਤਰ ਇਕਹਿਰਾ ਜਾਂ ਸਰਲ ਨਹੀਂ ਹੈ। **ਪਵਿੱਤਰ ਪਾਪੀ** ਨਾਵਲ ਦੇ ਕੇਂਦਰੀ ਪਾਤਰ ਕਿਦਾਰ ਤੇ ਵੀਨਾ ਨੈਤਿਕ ਬੰਧੇਜ ਵਿਚ ਵੀ ਹਨ ਤੇ ਇਸ ਬੰਧੇਜ ਤੋਂ ਪਾਰ ਜਾਣ ਲਈ ਕਰਮਸ਼ੀਲ ਵੀ। ਇਹ ਕਿਦਾਰ ਦੇ ਕਿਰਦਾਰ ਦਾ ਵਿਰੋਧਾਭਾਸੀ ਪੱਖ ਹੈ। "ਕਿਦਾਰ ਇਸ ਸੰਬੰਧ ਵਿਚ ਬੜੀ ਮਹੱਤਵ-ਪੂਰਨ ਸਿਰਜਨਾ ਹੈ।... ਇਹ ਪੁੰਨ ਅਤੇ ਪਾਪ ਦੇ ਬਣੇ ਸਮਾਜਕ ਭਰਮ ਦੀ ਅਦਿਸਦੀ ਦੀਵਾਰ ਤੇ ਡਗਮਗਾਂਦੇ"[4] ਬੰਦੇ ਦੀ ਚਿੱਤਰਕਾਰੀ ਹੈ। ਅਕਸਰ ਹੀ ਸਾਧਾਰਨ ਮਨੁੱਖ ਰਿਸ਼ਤਿਆਂ ਜਾਂ ਮਰਯਾਦਾ ਤੋਂ ਪਾਰ ਜਾਣ ਤੇ ਉਰਾਰ ਰਹਿਣ ਦੀ ਦੁਬਿਧਾ ਵਿਚ ਲਟਕਿਆ ਰਹਿੰਦਾ ਹੈ। ਇਹ ਪਾਤਰ ਨਿਰੰਤਰ ਗਤੀਸ਼ੀਲ ਹਨ। ਪਹਿਲਾਂ ਇਹ ਇਕ-ਦੂਜੇ ਨੂੰ ਪਾਉਣ ਦੀ ਕੋਸ਼ਿਸ਼ ਵਿਚ ਅੱਗੇ ਵਧਦੇ ਹਨ, ਫਿਰ ਆਪਣੇ ਮੂਕ ਰੋਸ ਵਜੋਂ ਪਿੱਛੇ ਜਾਂ ਨਿਘਾਰ ਵੱਲ ਜਾਂਦੇ ਹਨ। ਦੋਨਾਂ ਹੀ ਹਾਲਤਾਂ ਵਿਚ ਪਾਤਰਾਂ ਦੇ ਦੁੱਖਾਂ ਦੀ ਨਿਰੰਤਰ ਕਰਮਸ਼ੀਲਤਾ ਬਣੀ ਰਹਿੰਦੀ ਹੈ, ਜੋ ਪਾਠਕ ਮਨ 'ਤੇ ਗਹਿਰਾ ਪ੍ਰਭਾਵ ਪਾਉਂਦੀ ਹੈ। ਇਸ ਨਾਵਲ ਰਾਹੀਂ "ਸਾਡੀ ਨੀਵੀਂ ਮੱਧ-ਸ਼੍ਰੇਣੀ ਤੇ ਕਿਰਤੀ-ਸ਼੍ਰੇਣੀ ਦੀ ਗਰੀਬੀ ਨੂੰ ਸਾਕਾਰ ਕਰਕੇ ਸਾਡੀ ਆਤਮਾ ਨੂੰ ਵੰਗਾਰ ਪਾਈ ਗਈ ਹੈ।"[5]

ਪਵਿੱਤਰ ਪਾਪੀ ਨਾਵਲ ਦੀ ਪਾਤਰਾਂਵਲੀ ਮਾਨਸਿਕ ਬੇਚੈਨੀ, ਤਣਾਓ, ਸਦਮੇ, ਦੁਬਿਧਾ ਤੇ ਇਕਲਾਪਾ ਹੰਢਾਉਂਦੀ ਯਾਦਗਾਰੀ ਦਾ ਰੂਪ ਹੈ। ਵੀਨਾ ਕਿੱਸਾ ਨਾਇਕਾ ਵਾਂਗ ਸੁਹੱਪਣ ਤੇ ਸਲੀਕੇ ਦੀ ਮੂਰਤ ਹੈ। ਇਹ ਸੂਰਤ ਤੇ ਸੀਰਤ ਵਜੋਂ ਇਕ ਮਿਸਾਲੀ ਪਾਤਰ ਹੈ। ਵੀਨਾ ਨੂੰ ਪਹਿਲੀ ਬੇਚੈਨੀ ਆਪਣੇ ਰਿਸ਼ਤੇ ਸਬੰਧੀ ਸਹੁਰਿਆਂ ਦੇ ਵਤੀਰੇ ਦੀ ਹੈ। ਇਸ ਨੂੰ ਦੂਜੀ ਬੇਚੈਨੀ ਕਿਦਾਰ ਦੀ ਡਿੱਗਦੀ ਜਾਂ ਵਿਗੜ ਰਹੀ ਸਿਹਤ ਦੀ ਹੈ। ਵੀਨਾ ਉੱਤੇ ਕਿਸੇ ਹੋਰ ਦੀ ਮੰਗ ਹੋਣ ਤੇ ਕਿਦਾਰ ਨੂੰ ਧਰਮ ਭਰਾ ਮੰਨਣ ਦਾ ਵੀ ਮਾਨਸਿਕ ਦਬਾਅ ਹੈ। ਵੀਨਾ ਵੱਲੋਂ ਭਰਾ ਜੀ ਕਹਿਣ 'ਤੇ ਕਿਦਾਰ ਉਦਾਸ ਹੋ ਜਾਂਦਾ ਹੈ। ਪਰ ਵੀਨਾ ਨੂੰ ਸਭ ਤੋਂ ਵੱਡੀ ਪ੍ਰੇਸ਼ਾਨੀ 'ਭਰਾ ਰੂਪੀ' ਕਿਦਾਰ ਨੂੰ ਆਪਣਾ ਪ੍ਰੇਮੀ ਸਵੀਕਾਰ ਕਰ ਲੈਣ ਦੀ ਹੈ। ਕਿਉਂਕਿ ਕਿਦਾਰ ਵੀਨਾ ਲਈ 'ਵੀਰ' ਤੋਂ ਕੁਝ ਹੋਰ ਬਣਨਾ ਚਾਹੁੰਦਾ ਹੈ। ਅਜਿਹੀ ਪੇਸ਼ਕਸ਼ ਵੀਨਾ ਨੂੰ 'ਅੰਮ੍ਰਿਤ' ਨਹੀਂ 'ਜ਼ਹਿਰ' ਲੱਗਦੀ ਹੈ। ਵੀਨਾ ਆਪਣੇ ਚਾਰ-ਚੁਫ਼ੇਰੇ ਦੇ ਲੋਕ-ਬੋਧ ਤੋਂ ਪ੍ਰਭਾਵਿਤ ਹੈ। ਉਸ ਅੰਦਰਲਾ ਮਾਨਸਿਕ ਘੋਲ ਉਸ ਲਈ ਸਿਹਤ ਦਾ ਦੁਸ਼ਮਣ ਬਣ ਜਾਂਦਾ ਹੈ। ਉਹ ਕਿਦਾਰ ਤੋਂ ਦੂਰੀ ਦੇ ਗਹਿਰ ਸਦਮੇ ਵਿਚ ਗ੍ਰਸੀ ਜਾਂਦੀ ਹੈ। ਵੀਨਾ ਆਪਣੇ ਵਿਆਹ ਤੋਂ ਪਹਿਲਾਂ ਕਿਦਾਰ ਨਾਲ ਪਤਨੀ ਵਜੋਂ ਰਿਸ਼ਤਾ ਜੋੜਨ ਲਈ ਤਿਆਰ ਹੋ ਜਾਂਦੀ ਹੈ, ਪਰ ਓਦੋਂ ਤਕ ਕਿਦਾਰ ਆਪਣੇ ਭਾਵੁਕ ਵੇਗ ਤੋਂ ਮੱਠਾ ਪੈ ਕੇ ਇਕ ਰੋਸ ਵਜੋਂ ਵੀਨਾ ਦੇ ਵਿਆਹ ਪ੍ਰਬੰਧ ਵਿਚ ਜੁੱਟ ਜਾਂਦਾ ਹੈ। ਇਸ ਤਰ੍ਹਾਂ ਦੋਵੇਂ ਇਕ-ਦੂਜੇ ਨੂੰ ਚਾਹੁੰਦੇ ਹੋਏ ਵੀ ਅਤ੍ਰਿਪਤ ਭਾਵਾਂ ਤਹਿਤ ਮਾਨਸਿਕ ਸਦਮੇ ਦਾ ਸ਼ਿਕਾਰ ਹੋ ਜਾਂਦੇ ਹਨ। ਵੀਨਾ ਨੂੰ ਆਪਣੇ ਵਿਆਹ ਤੋਂ ਚਿੜ੍ਹ ਹੋਣ ਲੱਗਦੀ ਹੈ। ਪਰ ਉਹ ਇਸ ਸਬੰਧੀ ਇਨਕਾਰੀ ਵੀ ਨਹੀਂ ਹੈ।ਉਹ ਵਿਆਹੀ ਤਾਂ ਜਾਂਦੀ ਹੈ ਪਰ ਸਹੁਰੇ ਘਰ ਵੱਸਦੀ ਨਹੀਂ ਹੈ। ਵੀਨਾ ਮਾਪਿਆਂ ਦੀ ਫਰਮਾਬਰਦਾਰੀ ਵਜੋਂ ਗੁਜ਼ਰਖਾਨ ਵਿਆਹ ਤਾਂ ਕਰ ਲੈਂਦੀ ਹੈ ਪਰ ਉਸ ਦੀ ਆਪਣੇ ਪਤੀ ਬ੍ਰਿਜ ਲਾਲ ਨਾਲ ਕੋਈ ਭਾਵੁਕ ਸਾਂਝ ਨਹੀਂ ਬਣਦੀ ਹੈ। ਕਿਦਾਰ ਪ੍ਰਤੀ ਲਗਾਵ ਤੇ ਵਿਛੋੜਾ ਵੀਨਾ ਨੂੰ ਸਹੁਰੇ ਘਰ ਤੋਂ ਉਪਰਾਮ ਕਰ ਦਿੰਦਾ ਹੈ। ਇਹ ਦੋਵੇਂ ਮੁੱਖ ਪਾਤਰ ਜੋ ਚਾਹੁੰਦੇ ਹਨ, ਉਹ ਮਿਲਦਾ ਨਹੀਂ ਹੈ, ਜੋ ਮਿਲਦਾ ਹੈ, ਉਹ ਚਾਹੁੰਦੇ ਨਹੀਂ ਹਨ। ਵੀਨਾ ਮਾਨਸਿਕਤਾ ਦੇ ਨਾਲ-ਨਾਲ ਸਰੀਰਕ ਰੂਪ ਵਿਚ ਵੀ ਖੀਣ ਹੋਣ ਲੱਗਦੀ ਹੈ। ਉਸ ਦਾ ਚਿਹਰਾ ਪੀਲਾ ਭੂਕ ਹੋ ਜਾਂਦਾ ਹੈ। ਵੀਨਾ ਵਾਪਿਸ ਘਰ ਆ ਜਾਂਦੀ ਹੈ। 'ਵੀਨਾ' ਦਾ ਸ਼ਬਦੀ ਅਰਥ ਸਾਜ ਹੈ। ਪਰ ਇਹ ਸਾਜ ਕੋਈ ਠੀਕ ਸੁਰਤਾਲ ਕੱਢਣ ਦੀ ਥਾਂ ਅਖ਼ੀਰ ਬੇਸੁਰਾ ਤੇ ਅਰਥਹੀਣ ਹੋ ਜਾਂਦਾ ਹੈ। "ਵੀਨਾ ਇਸ ਵੇਲੇ ਸਚਮੁੱਚ ਉਹ ਵੀਨਾ ਸੀ, ਜਿਸ ਦੀਆਂ ਤਾਰਾਂ ਵੱਜਣ ਤੋਂ ਪਹਿਲਾਂ ਹੀ ਟੁੱਟ ਚੁੱਕੀਆਂ ਹੋਣ।"[6] ਵੀਨਾ ਦਾ ਕਿਰਦਾਰ ਆਪਣੇ ਨਾਮ ਰੂਪੀ ਚਿਹਨ ਤੋਂ ਉਲਟ ਪ੍ਰਭਾਵੀ ਹੈ। ਵੀਨਾ ਲਈ ਦੁਬਿਧਾਗ੍ਰਸਤ ਤੇ ਔਖੀ ਸਥਿਤੀ ਜਿਸਮਾਨੀ ਬਿਮਾਰੀ ਦਾ ਕਾਰਣ ਬਣ ਜਾਂਦੀ ਹੈ। ਇਸ ਦੇ ਸਿੱਟੇ ਵਜੋਂ ਉਸ ਦੀ ਮੌਤ ਹੋ ਜਾਂਦੀ ਹੈ।

ਪਰ ਕਿਦਾਰ ਵੀਨਾ ਨੂੰ ਭੁਲਾਉਣ ਲਈ ਰਾਵਲਪਿੰਡੀ ਹੀ ਛੱਡ ਦਿੰਦਾ ਹੈ। ਕਿਦਾਰ ਫਿਰ ਵੀਨਾ ਦੇ

ਵਿਛੋੜੇ ਵਿਚ ਕਾਹਵੇ ਤੇ ਸਿਗਰਟ ਦੀ ਬੇਅੰਤ ਵਰਤੋਂ ਕਰਦਾ ਹੋਇਆ ਆਪਣੇ-ਆਪ ਨੂੰ ਤਬਾਹ ਕਰ ਲੈਂਦਾ ਹੈ। ਇਥੇ ਹੀ ਕਿਦਾਰ ਦੀ ਨਾਵਲਕਾਰ ਨਾਲ ਜਾਣ-ਪਛਾਣ ਤੇ ਸਾਂਝ ਬਣਦੀ ਹੈ। ਇਸ ਤਰ੍ਹਾਂ ਨਾਵਲ ਦੇ ਅਖ਼ੀਰ ਵਿਚ ਨਾਵਲੀ ਬਣਤਰ ਦੇ ਸਭ ਓਹਲਿਆਂ ਦੀ ਅਸਲ ਤਸਵੀਰ ਸਪੱਸ਼ਟ ਹੋ ਜਾਂਦੀ ਹੈ। ਨਾਵਲ ਵਿਚ ਪਾਤਰ ਉਸਾਰੀ ਦੀ ਵਿਸ਼ੇਸ਼ਤਾ ਇਹ ਹੈ ਕਿ ਇਹ ਪਾਤਰ ਭਾਵੇਂ ਦੂਜੇ ਨੂੰ ਪਾਉਣ ਵਿਚ ਸਫ਼ਲ ਨਹੀਂ ਹੁੰਦੇ ਹਨ ਪਰ ਇਹ ਇਕ-ਦੂਜੇ ਲਈ ਫਿਰ ਵੀ ਖਲ-ਪਾਤਰ ਨਹੀਂ ਹਨ। ਇਹ ਆਪੋ-ਆਪਣੀ ਦੁਬਿਧਾ ਤੇ ਕਰਮਸ਼ੀਲਤਾ ਕਰਕੇ ਹੀ ਵੱਡੇ ਜਾਂ ਯਾਦਗਾਰੀ ਪਾਤਰ ਹਨ। ਪਾਤਰਾਂ ਦੀ ਅਜਿਹੀ ਘਾੜਤ ਤੋਂ ਹੀ ਕੋਈ ਰਚਨਾ ਕਲਾਸਿਕ ਬਣਦੀ ਹੈ। ਨਾਵਲ ਵਿਚ ਕੁਝ ਪਾਤਰਾਂ ਦੀ ਵਿਅਕਤੀਕਰਨ ਵਿਧੀ ਰਾਹੀਂ ਮਨੁੱਖੀ ਮਨੋਦਸ਼ਾ ਦੇ ਸਮੂਹਿਕ ਸੱਚ ਦਾ ਪ੍ਰਭਾਵੀ ਤੇ ਸੰਭਾਵੀ ਰੂਪ ਪੇਸ਼ ਕੀਤਾ ਗਿਆ ਹੈ। ਇਹ ਵੀ ਨਾਵਲ ਦੀ ਕਲਾਤਮਿਕ ਪੁਖ਼ਤਗੀ ਦਾ ਹੀ ਪ੍ਰਮਾਣ ਹੈ। ਇਸ ਕਰਕੇ ਇਹ ਨਾਵਲ ਆਪਣੇ ਛਪਣ ਤੋਂ ਪੌਣੀ ਸਦੀ ਬਾਅਦ ਅਜੇ ਵੀ ਪੜ੍ਹਿਆ ਜਾ ਰਿਹਾ ਹੈ ਤੇ ਨਿਰੰਤਰ ਚਰਚਾ ਵਿਚ ਹੈ। ਵਾਰ-ਵਾਰ ਜਾਂ ਸਦਾ ਪੜ੍ਹੇ ਜਾਣ ਵਾਲੀ ਰਚਨਾ ਹੀ ਕਲਾਸਿਕ ਹੁੰਦੀ ਹੈ। ਅਜਿਹੀਆਂ ਮਹਾਨ ਰਚਨਾਵਾਂ ਵਿਚੋਂ ਪਾਠਕਾਂ ਰਾਹੀਂ ਸਦਾ ਨਵੇਂ ਅਰਥਾਂ ਦੀ ਢੂੰਡ-ਭਾਲ ਜ਼ਾਰੀ ਰਹਿੰਦੀ ਹੈ। ਸਾਡੇ ਪੰਜਾਬੀ ਦੇ ਕੱਦਾਵਰ ਨਾਵਲਕਾਰ ਗੁਰਦਿਆਲ ਸਿੰਘ ਮੁਤਾਬਿਕ “ਮਹਾਨ ਸਾਹਿਤ ਦਾ ਪ੍ਰਭਾਵ, ਨਿੱਕੀ ਕਣੀ ਦੇ ਮੀਂਹ ਵਰਗਾ ਹੁੰਦਾ ਹੈ ਜੋ ਅਣਜਾਣੇ ਸਾਡੇ ਖ਼ੂਨ ਵਿਚ ਰਚੀ ਜਾਂਦਾ ਹੈ।”[7] **ਪਵਿੱਤਰ ਪਾਪੀ** ਪੰਜਾਬੀ ਪਾਠਕਾਂ ਦੀਆਂ ਕਈ ਪੀੜ੍ਹੀਆਂ ਦੇ ਮਨੋਮਸਤਕ ਦੇ ਚੇਤਿਆਂ ਵਿਚ ਸਮਾਈ ਹੋਈ ਰਚਨਾ ਹੈ। ਇਸ ਰਾਹੀਂ ਨਾਵਲਕਾਰ ਨੇ “ਇਹ ਅਹਿਸਾਸ ਕਰਾਇਆ ਕਿ ਸਾਡਾ ਸਮਾਜ ਰੋਗੀ ਹੈ। ਕੁਛ ਕੀਤਾ ਲੋੜੀਏ।”[8]

ਨਾਵਲੀ ਥੀਮ ਦੀ ਮੁੱਖ ਵਿਸ਼ੇਸ਼ਤਾਈ ਮੁੱਢ ਕਦੀਮ ਤੋਂ ਚੱਲੇ ਆ ਰਹੇ ਪਿਆਰ ਭਾਵਾਂ ਦੀ ਖਿੱਚ ਅਤੇ ਨੈਤਿਕ ਬੰਧੇਜ ਦੇ ਵਿਰੋਧ-ਚਿੱਤਰ ਨੂੰ ਪੇਸ਼ ਕਰਨ ਵਿਚ ਹੈ। ਇਸ ਨਾਵਲ ਦੇ ਛਪਣ ਸਮੇਂ ਤਕ ਭਾਰਤੀ ਸਮਾਜ ਵਿਚ ਪਦਾਰਥਕ ਤਬਦੀਲੀ ਤਾਂ ਸ਼ੁਰੂ ਹੋ ਚੁੱਕੀ ਸੀ ਪਰ ਅਜੇ ਸਭਿਆਚਾਰਕ ਮੁੱਲਾਂ ਦੀ ਪਕੜ ਤੇ ਜਕੜ ਕਾਇਮ ਸੀ। ਪਰ ਪਦਾਰਥਕ ਤਬਦੀਲੀ ਨੇ ਸਮਾਜਕ ਮੁੱਲਾਂ ਨੂੰ ਵੀ ਬਦਲਣਾ ਹੀ ਸੀ। ਇਸ ਕਰਕੇ ਅਜਿਹੇ ਸਮੇਂ ਦੇ ਨਾਵਲ ਵਿਚ ਪਰੰਪਰਾਗਤ ਤੇ ਸਥਾਪਿਤ ਮੁੱਲਾਂ ਤੋਂ ਪਾਰ ਜਾਣ ਦੀ ਕੋਸ਼ਿਸ਼ ਸੰਭਾਵੀ ਵੀ ਹੈ ਤੇ ਜਵਾਨ ਭਾਵਾਂ ਦੀ ਹਕੀਕੀ ਸੱਚਾਈ ਵੀ। ਇਹ ਨਾਵਲ ਬਦਲ ਰਹੇ ਯੁੱਗ ਵਿਚ ਸਥਾਪਤੀ ਤੇ ਤਬਦੀਲੀ ਦੇ ਰੌਂਅ ਦੀ ਅੰਤਰ-ਕ੍ਰਿਆ ਦੇ ਪ੍ਰਵਿਰਤੀ ਕਾਲ ਨਾਲ ਸਬੰਧਿਤ ਹੈ। ਨਾਨਕ ਸਿੰਘ ਆਉਣ ਵਾਲੇ ਸਮੇਂ ਵਿਚ ਵਾਪਰਨ ਵਾਲੀ ਨਵੀਂ ਤਬਦੀਲੀ ਦੇ ਅਗਾਓਂ ਅਨੁਭਵ ਦਾ ਬੋਧ ਕਰਾਉਂਦਾ ਹੈ। ਡਾ. ਜੋਗਿੰਦਰ ਸਿੰਘ ਰਾਹੀ ਮੁਤਾਬਕ “ਕਲਾਸਿਕ ਉਹ ਹੈ, ਜੋ ਅਨੁਭਵ ਤੇ ਗਿਆਨ ਦੇ ਕਵਾੜ ਖੋਲੇ।”[9] ਇਸ ਨਾਵਲ ਰਾਹੀਂ ਪਾਠਕ ਨਵੀਂ ਸੋਚ ਦੇ ਰੂਬਰੂ ਹੁੰਦੇ ਹਨ। ਸਾਡੇ ਦੁਨਿਆਵੀਂ ਮੁੱਲ ਇਕਦਮ ਨਹੀਂ, ਇਕ ਸਹਿਜ ਗਤੀ ਦੀ ਲੰਮੀ ਪ੍ਰਕ੍ਰਿਆ ਰਾਹੀਂ ਬਦਲਦੇ ਹਨ। ਮਨੁੱਖੀ ਸਮਾਜ ਬੰਦੇ ਦੇ ਭਾਵਾਂ, ਉਮੰਗਾਂ ਤੇ ਸੁਪਨਿਆਂ ਦਾ ਪਿੜ ਵੀ ਹੈ ਤੇ ਇਨ੍ਹਾਂ ਦਾ ਕਤਲਗਾਹ ਵੀ। ਇਸ ਨਾਵਲ ਵਿਚੋਂ ਜੀਵਨ ਦੀ ਦੁਖਦਾਈ ਹੋਂਦ ਦਾ ਫ਼ਲਸਫ਼ਾਨਾ ਸੱਚ ਉੱਭਰਦਾ ਹੈ। ਜ਼ਿੰਦਗੀ ਕਦੇ ਨਾ ਮੁੱਕਣ ਵਾਲੇ ਦੁੱਖਾਂ ਤੇ ਸੰਘਰਸ਼ ਦਾ ਨਾਮ ਹੈ। ਅਜਿਹੀ ਰੂਪਕੀ ਵਿਸ਼ੇਸ਼ਤਾ ਕਰਕੇ ਹੀ ਗਲਪ-ਸ਼ਾਸਤਰੀ ਨਾਵਲ ਨੂੰ ਜ਼ਿੰਦਗੀ ਦੀ ਸਮਝ ਦੇਣ ਵਾਲਾ ਮਹਾਨ ਗ੍ਰੰਥ ਮੰਨਦੇ ਹਨ। ਅਕਸਰ ਹੀ ਕਿਸੇ ਵੱਡੇ ਦਰਸ਼ਨ ਰੂਪੀ ਖਿਆਲ ਨੂੰ ਪੇਸ਼ ਕਰਨ ਵਾਲੀ ਰਚਨਾ ਹੀ ਕਲਾਸਿਕ ਜਾਂ ਮਹਾਨ ਬਣਦੀ ਹੈ। ਇਸ ਵਿਸ਼ੇਸ਼ਤਾ ਕਰਕੇ ਹੀ ਇਸ ਨਾਵਲ ਦੀ ਪਾਇਦਾਰੀ ਬਣੀ ਹੋਈ ਹੈ। “ਨਾਨਕ ਸਿੰਘ ਦੇ ਲਗਪਗ ਸਾਰੇ ਪਾਤਰ ਸ਼ਹਿਰੀ ਮੱਧ ਸ਼੍ਰੇਣੀ ਜਾਂ ਹੇਠਲੀ ਮੱਧ ਸ਼੍ਰੇਣੀ ਦੇ ਪ੍ਰਤਿਨਿਧ ਹਨ। ਇਹ ਪੰਜਾਬੀ ਜਨ ਜੀਵਨ ਜੀਉਣ ਵਾਲੇ ਤੇ ਪੰਜਾਬੀ ਸੁਭਾਓ ਦੀ ਸੱਚੀ-ਸੁੱਚੀ ਨੁਮਾਇੰਦਗੀ ਕਰਨ ਵਾਲੇ ਹਨ।”[10] ਇਨ੍ਹਾਂ ਰਾਹੀਂ ਸਾਡੇ ਸੰਕਟਗ੍ਰਸਤ ਸਮਾਜ ਦਾ ਸੱਚ ਉੱਭਰਦਾ ਹੈ। ਮੁਸ਼ਕਲਾਂ ਤੇ ਬੰਦਿਸ਼ਾਂ ਭਰੇ ਸਮਾਜ ਵਿਚ ਸੁਪਨਿਆਂ ਦੀ ਮੁਕੰਮਲ ਪੂਰਤੀ ਨਾ ਕੇਵਲ ਓਪਰੀ ਲੱਗੇਗੀ, ਬਲਕਿ ਝੂਠੀ ਵੀ। ਇਸ ਕਰਕੇ ਅਜਿਹੀ ਦੁਖਾਂਤ-ਦ੍ਰਿਸ਼ਟੀ ਯਥਾਰਥਕ ਵੀ ਹੈ ਤੇ ਨਾਵਲ ਵਰਗੀ ਵਿਧੀ ਲਈ ਸਾਰਥਕ ਵੀ। ਕਿਉਂਕਿ, ਸਾਡੇ ਗਲਪ ਸ਼ਾਸਤਰੀ ਨਾਵਲ ਨੂੰ ਸਭ ਤੋਂ ਵੱਡੀ ‘ਦੁਖਾਂਤਕ ਵਿਧਾ’ ਮੰਨਦੇ ਹਨ।

ਨਾਵਲ ਵਿਚ ਸੰਤਾਪ-ਦਰ-ਸੰਤਾਪ ਦੇ ਨਾਲ-ਨਾਲ ਘਟਨਾਤਮਿਕ ਓਹਲਿਆਂ ਤੇ ਸਪੱਸ਼ਟਤਾ ਦਾ ਬਿਰਤਾਂਤ ਚੱਲਦਾ ਹੈ। ਸਰਦਾਰ ਅਤਰ ਸਿੰਘ ਆਪਣੇ ਨੌਕਰ/ਕਰਮਚਾਰੀ ਕਿਦਾਰ ਦੀ ਭਾਲ ਵਿਚ ਮਾਇਆ ਦੇ ਘਰ ਆਉਂਦਾ ਹੈ। ਇਸ ਮਿਲਣੀ ਸਮੇਂ ਪੰਨਾ ਲਾਲ ਦੀ ਨੌਕਰੀ ਖੁੱਸਣ ਤੇ ਕਿਦਾਰ ਵੱਲੋਂ ਭੇਜੀਆਂ ਜਾਂਦੀਆਂ ਚਿੱਠੀਆਂ ਸਬੰਧੀ ਸਪੱਸ਼ਟਤਾ ਹੋ ਜਾਂਦੀ ਹੈ। ਇਹ ਵੀ ਭੇਦ ਖੁੱਲ ਜਾਂਦਾ ਹੈ ਕਿ ਅਤਰ ਸਿੰਘ ਦੇ ਪੰਦਰਾਂ ਸੌ ਰੁਪਏ ਕਿਦਾਰ ਵਲੋਂ ਬੈਂਕ ਵਿਚ ਜਮ੍ਹਾਂ ਕਰਾਉਣ ਦੀ ਥਾਂ ਮਕਾਨ ਦੀ ਕੁਰਕੀ ਨੂੰ ਰੋਕਣ ਲਈ ਮਾਇਆ ਨੂੰ ਦਿੱਤੇ ਗਏ

ਸਨ। ਇਹ ਪੈਸੇ ਮੋੜਣ ਤਕ ਅਤਰ ਸਿੰਘ ਦੇ ਮੱਥੇ ਨਾ ਲੱਗਣ ਕਰਕੇ ਕਿਦਾਰ ਰਾਵਲਪਿੰਡੀ ਵਿਚੋਂ ਨਿਕਲ ਕੇ ਅੰਮ੍ਰਿਤਸਰ ਆ ਜਾਂਦਾ ਹੈ। ਇਸ ਸਥਾਨ ਤਬਦੀਲੀ ਦਾ ਦੂਜਾ ਵੱਡਾ ਕਾਰਣ ਕਿਦਾਰ ਲਈ ਵੀਣਾ ਤੋਂ ਦੂਰੀ ਬਣਾ ਲੈਣ ਦਾ ਵੀ ਹੈ। ਮਾਇਆ ਨੂੰ ਕਿਦਾਰ ਦੇ ਗੁੰਮ ਹੋ ਜਾਣ ਦੀ ਘੁੰਡੀ ਵੀ ਖੁੱਲ੍ਹ ਜਾਂਦੀ ਹੈ। ਪੰਨਾ ਲਾਲ ਆਪਣੀ ਲੰਮੀ ਗੁੰਮਸ਼ੁਦੀ ਤੋਂ ਬਾਅਦ ਵਾਪਿਸ ਘਰ ਆ ਜਾਂਦਾ ਹੈ। ਫਿਰ ਇਹ ਕਿਦਾਰ ਨੂੰ ਅੰਮ੍ਰਿਤਸਰ ਮਿਲਣ ਆਉਂਦਾ ਹੈ। ਪੰਨਾ ਲਾਲ ਆਪਣੀ ਛੋਟੀ ਬੇਟੀ ਵਿਦਿਆ ਦੇ ਕਿਦਾਰ ਨਾਲ ਰਿਸ਼ਤੇ ਦੀ ਪੇਸ਼ਕਸ਼ ਕਰਦਾ ਹੈ। ਪਰ ਕਿਦਾਰ ਅਜਿਹੀ ਪੇਸ਼ਕਸ਼ ਬਹਾਨੇ ਨਾਲ ਠੁਕਰਾ ਦਿੰਦਾ ਹੈ। ਕਿਉਂਕਿ ਕਿਦਾਰ ਲਈ ਮਸਲਾ ਕਿਸੇ ਔਰਤ ਜਾਂ ਪਤਨੀ ਦੀ ਲੋੜ ਦਾ ਨਹੀਂ, ਬਲਕਿ ਵੀਣਾ ਨਾਲ ਪੈਦਾ ਹੋਈ ਸਾਂਝ ਦੇ ਭਾਵੁਕ ਵਿਗੋਚੇ ਦਾ ਹੈ। ਉਸ ਲਈ ਵੀਣਾ ਤੋਂ ਹੱਟ ਕੇ ਕੋਈ ਹੋਰ ਚੋਣ ਮੁਸ਼ਕਲ ਹੀ ਨਹੀਂ, ਅਸੰਭਵ ਹੈ। ਨਾਵਲ ਵਿਚ ਅਜਿਹੀ ਘਟਨਾਵਲੀ ਕੁਝ ਅਸੁਭਾਵਕ ਤੇ ਓਪਰੀ ਵੀ ਲੱਗਦੀ ਹੈ। ਪਰ ਇਸ ਨਾਵਲ ਦੀ ਅਸਲ ਪਾਇਦਾਰੀ ਘਟਨਾਵਾਂ ਵਿਚ ਪਏ ਪਾਤਰਾਂ ਦੀ ਮਨੋਦਸ਼ਾ ਨੂੰ ਚਿਤਰਣ ਵਿਚ ਹੈ। ਨਾਵਲ ਦੀ ਅਸਲ ਕਲਾਤਮਿਕ ਤਾਕਤ ਕਿਦਾਰ, ਵੀਣਾ ਤੇ ਮਾਇਆ ਦੀ ਬੇਚੈਨ ਤੇ ਦੁੱਖਾਂ ਭਰੀ ਤਸਵੀਰਕਸ਼ੀ ਵਿਚ ਹੈ। ਇਸ ਤਸਵੀਰਕਸ਼ੀ ਕਰਨ ਵਿਚ ਨਾਵਲ ਦੁਖਾਂਤ ਬਣਦਾ ਹੈ। "ਇਹ ਨਾਵਲ ਦੁਖਾਂਤ ਚਿਤ੍ਰਣ ਕਰਕੇ ਯਥਾਰਥ ਚਿਤ੍ਰਣ ਵਾਲੀ ਰੂਪ-ਵਿਧਾ ਹੈ।"[11]

ਨਾਵਲਕਾਰ ਨੇ ਸਮੁੱਚੇ ਬਿਰਤਾਂਤ ਨੂੰ ਵਿਸ਼ੇਸ਼ ਰੂਪਕੀ ਜੁਗਤਾਂ ਰਾਹੀਂ ਯਥਾਰਥਕ ਰੰਗਤ ਦਿੱਤੀ ਹੈ। ਨਾਵਲ ਦੇ ਸ਼ੁਰੂ ਵਿਚ 'ਉਸ (ਕਿਦਾਰ) ਨੇ ਆਪਣੀ ਆਪ-ਬੀਤੀ ਕਿਵੇਂ ਸੁਣਾਈ?' ਸਿਰਲੇਖ ਅਧੀਨ ਭੂਮਿਕਾ ਦਰਜ ਹੈ। ਇਸ ਭੂਮਿਕਾ ਮੁਤਾਬਿਕ ਅੰਮ੍ਰਿਤਸਰ ਵਿਚ ਕਿਦਾਰ ਘੜੀਆਂ ਠੀਕ ਕਰਨ ਦੀ ਆਪਣੀ ਵਿਸ਼ੇਸ਼ ਮੁਹਾਰਤ ਕਾਰਨ 'ਮਿਸਟਰ ਕਮਾਲ' ਦੇ ਤਖੱਲਸ ਨਾਲ ਪ੍ਰਸਿੱਧ ਹੈ। ਉਸ ਦੇ ਅਸਲ ਨਾਮ ਤੋਂ ਆਂਢੀ-ਗਵਾਂਢੀ ਅਣਜਾਣ ਹੀ ਸਨ। ਇਹ ਵੇਰਵਾ ਵੀ ਸਮਾਜ ਦੇ ਕਾਫ਼ਲੇ ਵਿਚ ਰਹਿੰਦੇ ਬੰਦੇ ਦੇ ਅਜਨਬੀ ਹੋਣ ਦੀ ਨਿਗੂਣੀ ਹੋਂਦ ਦਾ ਪ੍ਰਗਟਾਅ ਹੈ। ਨਾਨਕ ਸਿੰਘ ਮੁਤਾਬਿਕ, "ਉਸ ਨੂੰ ਜਿੰਨਾ ਕੁ ਵੀ ਮੈਂ ਵੇਖਿਆ, ਕਮਾਲ ਤੋਂ ਘੱਟ ਨਹੀਂ ਸੀ, ਉਹ ਜੋ ਕੁਝ ਕਰਦਾ, ਉਸ ਨੂੰ ਕਮਾਲ ਦੀ ਹੱਦ 'ਤੇ ਪਹੁੰਚਾ ਕੇ ਛੱਡਦਾ ਸੀ।"[12] ਕਿਦਾਰ ਦਾ ਅੰਮ੍ਰਿਤਸਰ ਹੀ ਦੁਖਦਾਈ ਅੰਤ ਹੁੰਦਾ ਹੈ। ਨਾਵਲਕਾਰ ਕਿਦਾਰ (ਕਮਾਲ) ਨਾਲ ਜੁੜੇ ਘਟਨਾ-ਕ੍ਰਮ ਬਾਰੇ ਵੀ 'ਸੱਚ ਸਿਰਜਣ' ਦੀ ਜੁਗਤ ਵਰਤਦਾ ਹੈ। "ਕਾਫ਼ੀ ਪੁਰਾਣਾ ਵਾਕਿਆ ਹੈ - ਅੱਜ ਤੋਂ ਕੋਈ ਦਸ ਸਾਲ ਪਹਿਲਾਂ ਦਾ - ਉੱਨੀ ਸੌ ਇਕੱਤੀ ਜਾਂ ਬੱਤੀ ਦਾ ਸ਼ਾਇਦ, ਪਰ ਹੁਣ ਵੀ ਜਦ ਕਦੇ ਅੰਮ੍ਰਿਤਸਰ ਦੇ ਉਸ ਬਜ਼ਾਰ ਵਿਚੋਂ ਲੰਘਦਾ ਹਾਂ, ਉਸ ਦੁਕਾਨ ਅੱਗੇ ਮੇਰੇ ਪੈਰ ਇਕ ਵਾਰ ਜ਼ਰੂਰ ਰੁਕ ਜਾਂਦੇ ਹਨ।"[13] ਕਿਦਾਰ ਨੇ ਦੁਕਾਨ ਦੇ ਸ਼ੋਅ-ਕੇਸ ਵਿਚ ਕੁੜੀ (ਵੀਣਾ) ਦੀ ਫੋਟੋ ਵੀ ਲਾਈ ਹੋਈ ਸੀ। ਇਕ ਫੋਟੋ ਮਾਇਆ ਰਾਹੀਂ ਵੀਣਾ ਨੇ ਆਪਣੀ ਯਾਦ ਵਜੋਂ ਕਿਦਾਰ ਨੂੰ ਦਿੱਤੀ ਸੀ। ਕਿਦਾਰ ਦੇ ਜੀਵਨ ਨੂੰ ਜੀਵਨੀ ਰੂਪ ਸੱਚ ਦੀ ਜੁਗਤ ਰਾਹੀਂ ਪੇਸ਼ ਕੀਤਾ ਗਿਆ ਹੈ। ਨਾਵਲਕਾਰ ਕਿਦਾਰ ਦੇ ਜੀਵਨ ਨੂੰ 'ਅੱਖੀਂ ਡਿੱਠਾ ਜਾਂ ਵੇਖਿਆ' ਵਜੋਂ ਪੇਸ਼ ਕਰਦਾ ਹੈ। ਸਾਹਿਤ ਕਲਾ ਦਾ ਸੱਚ ਗਾਲਪਨਿਕ ਹੁੰਦਾ ਹੈ ਪਰ ਕਲਾ ਇਸ ਨੂੰ ਹਕੀਕਤ ਵਜੋਂ ਪੇਸ਼ ਕਰਦੀ ਹੈ। ਨਾਵਲਕਾਰ ਮੁਤਾਬਿਕ ਕਿਦਾਰ ਆਪਣੇ-ਆਪ ਨੂੰ ਸਜ਼ਾ ਦੇ ਰਿਹਾ ਸੀ। ਮਨੋਵਿਗਿਆਨੀਆਂ ਅਨੁਸਾਰ ਆਪਣੀ ਸਜ਼ਾ ਲਈ ਸਭ ਤੋਂ ਵੱਡਾ ਜੱਜ ਬੰਦਾ ਆਪ ਹੀ ਹੈ। ਮਨੁੱਖ ਜ਼ਿਆਦਾਤਰ ਆਪਣੀ ਮਨੋਸਥਿਤੀ ਦਾ ਚਲਾਇਆ ਚੱਲਦਾ ਹੈ। ਕਿਦਾਰ ਆਪਣੇ-ਆਪ ਦੀ ਸਜ਼ਾ ਲਈ ਚਾਹ ਵੀ ਦੁੱਧ ਤੋਂ ਬਗੈਰ ਕੜਵੇ ਕਾਹਵੇ ਵਜੋਂ ਵਾਰ-ਵਾਰ ਪੀਂਦਾ ਸੀ। ਉਹ ਸਿਗਰਟ ਤੇ ਸਿਗਰਟ ਫੂਕਦਾ ਸੀ। ਇਹ ਆਪੇ 'ਜ਼ਹਿਰ ਫੱਕਣ' ਵਾਲੀ ਸਥਿਤੀ ਹੈ। ਉਸ ਦਾ ਸਰੀਰ ਕਮਜ਼ੋਰ ਹੋ ਚੁੱਕਾ ਸੀ। ਉਸ ਨੂੰ ਥੁੱਕ ਵਿਚ ਲਹੂ ਆਉਂਦਾ ਹੈ। ਪਰ ਉਹ ਇਲਾਜ ਕਰਾਉਣ ਤੋਂ ਇਨਕਾਰੀ ਹੈ। ਕਿਦਾਰ ਦਾ ਸਰੀਰ ਬਿਲਕੁੱਲ ਨਿਢਾਲ ਹੋ ਚੁੱਕਾ ਹੈ। ਉਸ ਦੇ ਵਤੀਰੇ ਵਿਚ ਰੁਖਾਪਣ ਵੀ ਸੀ। ਉਸ ਦਾ ਆਪਣੇ-ਆਪ ਨਾਲ ਸਖ਼ਤ ਰੁਖ ਸੀ। ਉਹ ਨਿਰੰਤਰ ਮੌਤ ਵੱਲ ਵਧਦਾ ਪ੍ਰਤੀਤ ਹੁੰਦਾ ਹੈ। "ਕਿਦਾਰ ਦੀ ਵੀਣਾ ਪ੍ਰਤੀ ਖਿੱਚ ਦੇ ਜਿਨਸੀ ਤਣਾਓ ਨੂੰ ਨਾਨਕ ਸਿੰਘ ਨੇ ਇਕ ਆਧੁਨਿਕ ਭਾਂਤ ਦੀ ਬਾਰੀਕਬੀਨੀ ਨਾਲ ਚਿਤਰਿਆ ਹੈ।"[14] ਨਾ ਦੁਕਾਨ ਸਾਫ਼ ਤੇ ਸੁੰਦਰ ਸੀ, ਨਾ ਕਿਦਾਰ ਦਾ ਸਰੀਰ। ਉਸ ਨੂੰ ਆਪਣੇ ਲਈ ਕੇਵਲ ਮੌਤ ਹੀ ਇਕ ਮੁਕਤੀ ਜਾਪਦੀ ਹੈ। ਉਸ ਦੇ ਕੋਲ ਬਣੀ ਅੰਗੀਠੀ ਅੱਗ ਬੁੱਝ ਜਾਣ ਕਰਕੇ ਰਾਖ ਦਾ ਢੇਰ ਬਣ ਜਾਂਦੀ ਹੈ। ਏਵੇਂ ਹੀ ਕਿਦਾਰ ਦੇ ਸਰੀਰ ਵਿਚੋਂ ਸਾਹਾਂ ਦੀ ਡੋਰ ਟੁੱਟ ਜਾਂਦੀ ਹੈ ਤੇ ਉਹ ਲਾਸ਼ ਬਣ ਜਾਂਦਾ ਹੈ। ਨਾਵਲਕਾਰ ਨੇ ਕਿਦਾਰ ਦੀ ਸਥਿਤੀ ਨੂੰ ਵਿਅੰਜਨਾ ਰੂਪੀ ਗਲਪੀ ਭਾਸ਼ਾ ਰਾਹੀਂ ਕਮਰੇ ਦੇ ਹੁਲੀਏ ਨਾਲ ਮੇਲ ਕੇ ਪੇਸ਼ ਕੀਤਾ ਹੈ। ਕਮਾਲ/ਕਿਦਾਰ ਦੀ ਅਜਿਹੀ ਹਾਲਤ ਕਿਓਂ ਹੁੰਦੀ ਹੈ? ਇਸ ਸਬੰਧੀ ਭੂਮਿਕਾ ਵਿਚ ਓਹਲਾ ਜਾਂ ਰਹੱਸ ਬਰਕਰਾਰ ਰਹਿੰਦਾ ਹੈ। ਇਸ ਸਬੰਧੀ ਪਾਠਕ-ਮਨ ਵਿਚ ਅੱਗੇ ਹੋਰ ਜਾਣਨ ਦੀ ਉਤਸੁਕਤਾ ਬਣੀ ਰਹਿੰਦੀ ਹੈ। ਅਜਿਹੀ ਉਤਸੁਕਤਾ ਜਗਾਉਣ ਤੇ ਬਣਾਈ

ਰੱਖਣ ਵਿਚ ਹੀ ਨਾਵਲ ਦੀ ਸਾਹਿਤਕ ਵਿਸ਼ੇਸ਼ਤਾ ਬਣਦੀ ਹੈ। ਕਿਦਾਰ ਨਾਵਲਕਾਰ ਨੂੰ ਡੇਢ ਘੰਟੇ ਵਿਚ ਆਪਣੀ ਜੀਵਨ ਕਹਾਣੀ ਸੁਣਾਉਂਦਾ ਹੈ। ਇਸ ਨੂੰ ਹੀ ਲੇਖਕ ਅੱਗੇ ਨਾਵਲੀ ਰੂਪ ਦਿੰਦਾ ਹੈ। ਇਹ 'ਭੂਮਿਕਾ' ਨਾਵਲ ਦੀ ਰੂਪਕੀ ਬਣਤਰ ਵਜੋਂ ਸ਼ਾਮਿਲ ਹੈ, ਜੋ ਗਾਲਪਨਿਕ ਨੂੰ ਵਾਸਤਵਿਕ ਛੋਹ ਦਿੰਦੀ ਹੈ। ਇਸ ਨਾਲ ਨਾਵਲ ਆਪਣੀ ਪਰਿਭਾਸ਼ਕ ਵਿਧਾ ਦੇ ਅਨੁਕੂਲ ਉਸਰਦਾ ਹੈ। ਇਸ ਭੂਮਿਕਾ ਰਾਹੀਂ ਕਿਦਾਰ ਦੇ ਜੀਵਨ ਬਾਰੇ ਖੁੱਲ੍ਹ ਕੇ ਜਾਣਕਾਰੀ ਮਿਲਦੀ ਹੈ। ਇਹ ਨਾਵਲ ਸਬੰਧੀ ਅਗੇਤਾ ਪਾਠ ਹੁੰਦੀ ਹੋਈ ਵੀ ਸਮੁੱਚੇ ਨਾਵਲੀ ਪਾਠ ਦੀ ਨਿਰੰਤਰਤਾ ਵਜੋਂ ਪੇਸ਼ ਹੋਈ ਹੈ। ਨਾਵਲਕਾਰ ਆਪਣੀ ਵਿਸ਼ੈਗਤ-ਦ੍ਰਿਸ਼ਟੀ ਨੂੰ ਵਿਸ਼ੇਸ਼ ਰਚਨਾ-ਵਿਧੀ ਰਾਹੀਂ ਪੇਸ਼ ਕਰਦਾ ਹੈ।

ਨਾਵਲ ਦੀ ਸਮੁੱਚੀ ਬਣਤਰ ਦੇ ਆਰ-ਪਾਰ 'ਚਿੱਠੀਆਂ' ਦੀ ਰੂਪਕੀ ਜੁਗਤ ਸ਼ਾਮਿਲ ਹੈ। ਵੀਨਾ ਦੇ ਸਹੁਰਿਆਂ ਵੱਲੋਂ ਆਈ ਚਿੱਠੀ, ਪੰਨਾ ਲਾਲ ਵੱਲੋਂ ਆਪਣੀ ਨੌਕਰੀ ਖੁੱਸਣ 'ਤੇ ਕਿਦਾਰ ਨੂੰ ਪਾਈ ਚਿੱਠੀ, ਫਿਰ ਕਿਦਾਰ ਰਾਹੀਂ ਮਾਇਆ ਨੂੰ ਲਿਖੀਆਂ ਚਿੱਠੀਆਂ ਅਤੇ ਅਖ਼ੀਰ ਕਿਦਾਰ ਵੱਲੋਂ ਵੀਨਾ ਦੇ ਵਿਆਹ ਤੋਂ ਬਾਅਦ ਲਿਖੀ ਚਿੱਠੀ ਰਾਹੀਂ ਨਾਵਲੀ ਥੀਮ ਵਿਚ ਸੰਘਣਨ ਪੈਦਾ ਹੁੰਦਾ ਹੈ। ਉਨ੍ਹਾਂ ਸਮਿਆਂ ਵਿਚ ਚਿੱਠੀ ਹੀ ਸੰਚਾਰ ਦਾ ਪ੍ਰਮੁੱਖ ਜ਼ਰੀਆ ਸੀ। ਇਹ ਚਿੱਠੀਆਂ ਕੋਈ ਓਪਰਾ ਵੇਰਵਾ ਨਾ ਹੋ ਕੇ ਨਾਵਲ ਦੇ ਥੀਮ ਵਿਚ ਸਮਾਈਆਂ ਹੋਈਆਂ ਹਨ। ਇਨ੍ਹਾਂ ਨਾਲ ਨਾਵਲੀ ਤੋਰ ਵਿਚ ਗਤੀਸ਼ੀਲਤਾ ਵੀ ਆਉਂਦੀ ਹੈ ਤੇ ਗਹਿਰਾਈ ਵੀ। ਇਹ ਚਿੱਠੀਆਂ ਪਾਤਰਾਂ ਦੀ ਮਨੋਸਥਿਤੀ ਲਈ ਤਣਾਓ, ਬੇਚੈਨੀ, ਢਾਰਸ ਤੇ ਸਪੱਸ਼ਟਤਾ ਸਬੰਧੀ ਕਾਰਗਰ ਸਾਹਿਤਕ ਜੁਗਤ ਵਜੋਂ ਹਨ। ਇਹ ਚਿੱਠੀਆਂ ਪਾਤਰਾਂ ਦਾ ਆਪੋ ਵਿਚੋਂ ਸਿੱਧਾ ਸੰਬੋਧਨ ਨਾ ਹੋ ਕੇ ਆਪੋ-ਆਪਣੀ ਮਨੋਸਥਿਤੀ ਦੇ ਫ਼ੈਸਲੇ ਨੂੰ ਦੂਜੇ ਤੱਕ ਪ੍ਰੋਖ ਰੂਪ ਵਿਚ ਭੇਜਣ ਦੀ ਕਲਾਤਮਿਕ ਵਿਧੀ ਹਨ। ਇਹ ਕਿਸੇ ਪਾਤਰ ਦੀ ਮਨੋਸਥਿਤੀ ਦਾ ਪ੍ਰਗਟਾਅ ਵੀ ਹਨ ਤੇ ਕਿਸੇ ਦੂਜੇ ਦੀ ਮਨੋਸਥਿਤੀ ਨੂੰ ਪ੍ਰਭਾਵਿਤ ਕਰਨ ਦਾ ਜ਼ਰੀਆ ਵੀ। ਇਨ੍ਹਾਂ ਨਾਲ ਪਾਤਰਾਂ ਦੀ ਚਿੱਤਰਕਾਰੀ ਵਿਚ ਕਲਾਤਮਿਕ ਗਹਿਰਾਈ ਆਉਂਦੀ ਹੈ।

ਇਸ ਨਾਵਲ ਵਿਚ ਚੰਗੇ ਪੱਖ ਤੇ ਮਾੜ੍ਹੇ ਪੱਖ ਜਾਂ ਪਵਿੱਤਰ ਹੋਣ ਤੇ ਪਾਪੀ ਹੋਣ ਦਾ ਸਾਮਾਨਾਂਤਰ ਵਿਰੋਧ-ਚਿੱਤਰ ਸਿਰਜਿਆ ਗਿਆ ਹੈ। ਮਨੁੱਖੀ ਜੀਵਨ ਦੀ ਹੋਂਦ ਤਿਲਕਵੀਂ ਪਿੱਚ ਵਾਂਗ ਹੈ। ਇਕ ਵਾਰ ਤਿਲਕਿਆ ਪੈਰ ਮੁੜ ਥਾਂ-ਸਿਰ ਹੀ ਨਹੀਂ ਆਉਂਦਾ ਹੈ। ਨੌਕਰੀ ਤੋਂ ਫਾਰਗ ਹੋਏ ਪਾਤਰ ਨੂੰ ਆਪਣੀ ਘਰ-ਗ੍ਰਹਿਸਤੀ ਦੀਆਂ ਆਰਥਿਕ ਲੋੜਾਂ ਦੀ ਵੰਗਾਰ ਸਾਹਵੇਂ ਘਰ ਛੱਡਣਾ ਪੈਂਦਾ ਹੈ। ਵੀਨਾ ਵੱਲੋਂ ਸ਼ੁਰੂ ਵਿਚ ਕੀਤੀ ਨਾਂਹ ਕਿਦਾਰ ਨੂੰ ਹਜ਼ਮ ਹੀ ਨਹੀਂ ਹੁੰਦੀ ਹੈ। ਇਹ ਆਪਣੇ ਸਮੇਂ ਦਾ ਪਹਿਲਾਂ ਦੁਖਾਂਤਕ ਨਾਵਲ ਹੈ। "ਪਵਿੱਤਰ ਪਾਪੀ ਵਿਚਲਾ ਦੁਖਾਂਤ ਪੰਜਾਬੀ ਨਾਵਲ ਵਿਚ ਦੁਖਾਂਤ ਦੇ ਪ੍ਰਵੇਸ਼ ਵਜੋਂ ਇਕ ਮੀਲ-ਪੱਥਰ ਹੈ।"[15] ਇਸ ਵਿਚ ਪੇਸ਼ ਦੁਖਾਂਤ ਦੀਆਂ ਗੰਢਾਂ ਸਾਡੀ ਮਾਨਸਿਕਤਾ ਨਾਲ ਬੱਝੀਆਂ ਹੋਈਆਂ ਹਨ। ਇਹ ਨਾਵਲ 'ਨਾਨਕ ਦੁਖੀਆ ਸਭ ਸੰਸਾਰ' ਦੀ ਪਰਤੌਂ ਹੈ। ਇਹ ਜੱਗ ਥੁੜਾਂ, ਦੁੱਖਾਂ ਤੇ ਨਿਰਾਸ਼ਾਵਾਂ ਦੀ ਹੀ ਕੋਠੜੀ ਹੈ। ਇਸ ਵਿਚ ਜੀਵਨ ਜਿਊਣਾ ਮੁਸ਼ਕਲ ਹੀ ਨਹੀਂ, ਮੁਹਾਲ ਵੀ ਹੈ। ਜ਼ਿੰਦਗੀ ਸਦਾ ਦਾ ਇਕ ਯੁੱਧ-ਖੇਤਰ ਹੈ। ਮਹਾਂਭਾਰਤ ਦੇ ਅਭਿਮੰਨਿਯੂ ਵਾਂਗ ਜੀਵਨ ਦੇ ਯੁੱਧ ਖੇਤਰ ਵਿਚੋਂ ਜਿਉਂਦੇ-ਜੀਅ ਬਾਹਰ ਨਿਕਲਣਾ ਮੁਸ਼ਕਲ ਹੀ ਨਹੀਂ, ਅਸੰਭਵ ਹੈ। ਇਹ ਅਜਿਹੇ ਫ਼ਲਸਫ਼ਾਨਾ ਲਹਿਜ਼ੇ ਵਾਲੀ ਰਚਨਾ ਹੈ। ਇਹ ਇਸ ਦਾ ਕਲਾਸਿਕੀ ਤੱਤ ਹੈ। ਇਹ ਰਚਨਾ ਪੜ੍ਹੇ ਜਾਣ ਤੋਂ ਬਾਅਦ ਵੀ ਪਾਠਕ ਨੂੰ ਬੇਚੈਨ ਕਰਦੀ ਹੈ। ਇਹ ਨਾਵਲ ਮੁੱਕ ਕੇ ਵੀ ਮੁੱਕਦਾ ਨਹੀਂ ਹੈ। ਕਿਸੇ ਰਚਨਾ ਪ੍ਰਤੀ ਪਾਠਕ ਮਨ ਵਿਚ ਪੈਦਾ ਹੋਇਆ ਖਲਲ ਹੀ ਉਸ ਦੀ ਵਿਸ਼ੇਸ਼ ਪਾਇਦਾਰੀ ਹੁੰਦੀ ਹੈ। ਇਸ ਦੀ ਕਲਾਤਮਿਕ ਵਿਸ਼ੇਸ਼ਤਾ ਵਿਚ ਦੋਹਰ ਹੈ - ਰਚਨਾ-ਦ੍ਰਿਸ਼ਟੀ ਦੇ ਪੱਖ ਤੋਂ ਵੀ ਤੇ ਰੂਪਕੀ ਕਲਾਤਮਿਕਤਾ ਤੋਂ ਵੀ।

**ਪਵਿੱਤਰ ਪਾਪੀ** ਨਾਵਲ ਮੁੱਖ ਤੌਰ 'ਤੇ ਬੰਦੇ ਦੀਆਂ ਅੰਤਰੰਗ ਬਿਰਤੀਆਂ ਨਾਲ ਸਬੰਧਿਤ ਹੈ। ਮਨੁੱਖੀ ਮਨ ਦੀਆਂ ਜੜ੍ਹਾਂ ਵਰਤਮਾਨ ਤਕ ਹੀ ਨਹੀਂ, ਦੂਰ ਅਤੀਤ ਤਕ ਫ਼ੈਲੀਆਂ ਹੁੰਦੀਆਂ ਹਨ। ਇਹ ਸਾਡੀ ਮਨੋਸਥਿਤੀ ਦੇ ਚਿਰ-ਸਥਾਈ ਤੇ ਵੱਡੇ ਅੰਤਰੀਵ ਭਾਵਾਂ ਨਾਲ ਸਬੰਧਿਤ ਰਚਨਾ ਹੈ। ਇਸ ਵਿਚ ਜਵਾਨ ਮਨਾਂ ਦੀ ਆਪਸੀ ਖਿੱਚ ਹੈ। ਦੂਜੇ ਪਾਸੇ ਸਾਡੇ ਸਮਾਜ-ਸਭਿਆਚਾਰ ਵਿਚ ਰਿਸ਼ਤੇ ਖ਼ੂਨ ਦੇ ਹੀ ਨਹੀਂ, ਧਰਮ ਦੇ ਵੀ ਮੰਨੇ ਜਾਂਦੇ ਹਨ। ਇਹ ਦੋਨੋਂ ਪੱਖ ਹੀ ਸਾਡੀ ਮਨੋਸਥਿਤੀ ਦਾ ਵੱਡਾ ਸੱਚ ਹੈ। ਅਜਿਹੇ ਭਾਵਾਂ ਦੀ ਪ੍ਰਾਪਤੀ ਤੇ ਉਲੰਘਣ ਵਿਰੁੱਧ ਸੋਚਿਆ ਤੇ ਲੜਿਆ ਤਾਂ ਜਾ ਸਕਦਾ ਹੈ ਪਰ ਸ਼ਾਇਦ ਜਿੱਤ ਸੰਭਵ ਨਹੀਂ ਹੈ। ਲੜਨ ਜਾਂ ਸੰਘਰਸ਼ ਵਿਚ ਬੰਦੇ ਦੀ ਆਨ-ਸ਼ਾਨ ਹੈ ਪਰ ਹਾਰ ਉਸ ਦੀ ਹੋਣੀ ਹੈ। ਸੰਘਰਸ਼ ਜ਼ਰੂਰੀ ਨਹੀਂ ਦੂਜੇ ਨਾਲ ਹੋਵੇ, ਇਹ ਆਪਣੇ-ਆਪ ਨਾਲ ਵੀ ਹੁੰਦਾ ਹੈ। ਅਜਿਹੀ ਚਿੱਤਰਕਾਰੀ ਕਰਕੇ ਹੀ ਕਿਦਾਰ ਤੇ ਵੀਨਾ ਨਾਵਲੀ ਜਗਤ ਦੇ ਅਭੁੱਲ ਪਾਤਰ ਹਨ। ਅਜਿਹੇ ਪਾਤਰਾਂ ਹੀ **ਪਵਿੱਤਰ ਪਾਪੀ** ਨੂੰ ਕਲਾਸਿਕੀ ਪਹਿਚਾਣ ਦਿੰਦੇ ਹਨ। ਇਸ ਰਚਨਾ ਦੀ "ਘਾੜਤ

ਨਾਵਲਕਾਰ ਦੀ ਪ੍ਰੌੜ ਕਲਾਕਾਰੀ ਹੈ।"[16] ਕਿਦਾਰ ਤੇ ਵੀਨਾ ਵਰਗੇ ਪਾਤਰਾਂ ਦਾ ਸੰਤਾਪ ਤੇ ਲੋਚਾ ਸਰਬਕਾਲੀ ਵੀ ਹੈ ਤੇ ਸਰਬ-ਵਿਆਪਕ ਵੀ। ਅਜਿਹੇ ਮਾਨਵੀਂ ਭਾਵਾਂ ਦੀ ਅਪੀਲ ਸਦਾ ਕਾਟ ਕਰਦੀ ਹੈ। ਮਨੁੱਖੀ ਫਿਤਰਤ ਦੇ ਅਜਿਹੇ ਭਾਵਾਂ ਦਾ ਭਵਿੱਖ ਵਿਚ ਵੀ ਜਲੌਅ ਕਾਇਮ ਰਹਿਣਾ ਹੈ। ਇਨ੍ਹਾਂ ਪ੍ਰਤੀ ਸਮਾਜ ਤੇ ਮਨੁੱਖ ਦਾ ਤਣਾਓ ਜਾਂ ਟਕਰਾ ਬਣਨਾ ਹੀ ਹੈ। ਇਸ ਕਰਕੇ "ਪਵਿੱਤਰ ਪਾਪੀ ਨੂੰ ਕਲਾ ਤੇ ਦ੍ਰਿਸ਼ਟੀ ਦੇ ਪੱਖ ਤੋਂ ਨਾਨਕ ਸਿੰਘ ਦਾ ਸ਼ਾਨਦਾਰ ਨਾਵਲ" ਮੰਨਿਆ ਗਿਆ ਹੈ।[17] ਇਹ ਹਰ ਸਮੇਂ ਜਿਉਂਦੀ ਰਹਿਣ ਵਾਲੀ ਰਚਨਾ ਹੈ। ਇਸ ਕਰਕੇ ਇਸ ਨੂੰ ਪੰਜਾਬੀ ਨਾਵਲ ਦੀ ਪਹਿਲੀ ਕਲਾਸਿਕੀ ਰਚਨਾ ਕਿਹਾ ਜਾ ਸਕਦਾ ਹੈ। ਨਾਨਕ ਸਿੰਘ ਦੇ ਕੁੱਲ ਛਪੇ ਤਕਰੀਬਨ ਤਿੰਨ ਦਰਜਨ ਨਾਵਲਾਂ ਵਿਚੋਂ ਕਲਾਤਮਿਕ ਪੁਖ਼ਤਗੀ ਦਾ ਗੁਣਾ **ਪਵਿੱਤਰ ਪਾਪੀ** ਉੱਤੇ ਹੀ ਪੈਂਦਾ ਹੈ। ਅਜਿਹੀ ਪਾਇਦਾਰੀ ਤੇ ਵਿਸੇਸ਼ਤਾ ਸ਼ਾਇਦ ਨਾਨਕ ਸਿੰਘ ਦੇ ਅੱਗੇ ਕਿਸੇ ਹੋਰ ਨਾਵਲ ਦੀ ਤਾਂ ਨਹੀਂ ਹੈ, ਪਰ ਪੰਜਾਬੀ ਨਾਵਲ ਦੇ ਇਤਿਹਾਸ ਵਿਚੋਂ ਕੁਝ ਹੋਰ ਅਜਿਹੀਆਂ ਰਚਨਾਵਾਂ ਜ਼ਰੂਰ ਵੇਖੀਆਂ ਜਾ ਸਕਦੀਆਂ ਹਨ।

## ਹਵਾਲੇ ਤੇ ਟਿੱਪਣੀਆਂ


1. ਨਾਨਕ ਸਿੰਘ, **ਪਵਿੱਤਰ ਪਾਪੀ**, ਲੋਕ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 2021, ਪੰਨਾ 74 (ਨਾਵਲ ਬਾਰੇ ਸਾਰੇ ਹਵਾਲੇ ਇਸ ਸੰਸਕਰਣ ਵਿਚੋਂ ਹੀ ਹਨ)
2. ਵਿਸਥਾਰ ਲਈ ਵੇਖੋ, ਡਾ. ਕੁਲਵੰਤ ਕੌਰ ਕੋਹਲੀ, **ਨਾਨਕ ਸਿੰਘ ਦੇ ਨਾਵਲਾਂ ਦਾ ਆਲੋਚਨਾਤਮਿਕ ਅਧਿਐਨ**, ਪੈਪਸੂ ਬੁੱਕ ਡਿਪੂ, ਪਟਿਆਲਾ, 1976, ਪੰਨਾ 89
3. **ਪਵਿੱਤਰ ਪਾਪੀ**, ਪੰਨਾ 135
4. ਜਗਜੀਤ ਸਿੰਘ ਛਾਬੜਾ **'ਪਵਿੱਤਰ ਪਾਪੀ'**, **ਨਾਨਕ ਸਿੰਘ ਇਕ ਆਲੋਚਨਾਤਮਕ ਅਧਿਐਨ**, (ਸੰਪਾ. ਰਾਜਿੰਦਰ ਸਿੰਘ ਭਸੀਨ), ਭਾਸ਼ਾ ਵਿਭਾਗ ਪਟਿਆਲਾ, 1975 ਪੰਨਾ 201-202
5. ਸੰਤ ਸਿੰਘ ਸੇਖੋਂ, 'ਨਾਨਕ ਸਿੰਘ ਵਿਚ ਯਥਾਰਥ-ਚਿਤਰਣ', **ਨਾਨਕ ਸਿੰਘ ਇਕ ਆਲੋਚਨਾਤਮਕ ਅਧਿਐਨ**, (ਸੰਪਾ. ਰਾਜਿੰਦਰ ਸਿੰਘ ਭਸੀਨ), ਪੰਨਾ 79
6. **ਪਵਿੱਤਰ ਪਾਪੀ**, ਪੰਨਾ 120
7. ਗੁਰਦਿਆਲ ਸਿੰਘ, 'ਮਹਾਨ ਸਾਹਿਤ ਦਾ ਮਹੱਤਵ', **ਵਿਸ਼ਵ ਸਾਹਿਤ ਦੇ ਸ਼ਾਹਕਾਰ ਨਾਵਲ**, ਜੰਗ ਬਹਾਦਰ ਗੋਇੰਲ, ਬੁੱਕ ਪਾਵਰ, ਚੰਡੀਗੜ੍ਹ, 2007, ਪੰਨਾ 14
8. ਪ੍ਰੋ. ਕਿਸ਼ਨ ਸਿੰਘ, 'ਨਾਨਕ ਸਿੰਘ ਦੀਆਂ ਰਚਨਾਵਾਂ ਦਾ ਇਤਿਹਾਸਕ ਤੇ ਸਮਾਜਕ ਪਿਛੋਕੜ', **ਨਾਨਕ ਸਿੰਘ ਇਕ ਆਲੋਚਨਾਤਮਕ ਅਧਿਐਨ**, (ਸੰਪਾ. ਰਾਜਿੰਦਰ ਸਿੰਘ ਭਸੀਨ), ਪੰਨਾ 60
9. ਡਾ. ਜੋਗਿੰਦਰ ਸਿੰਘ ਰਾਹੀ, 'ਕਲਾਸਿਕੀ ਪੰਜਾਬੀ ਸਾਹਿਤ : ਨਿਰਧਾਰਣ ਤੇ ਮੁਲਾਂਕਣ', **ਕਲਾਸਿਕੀ ਪੰਜਾਬੀ ਸਾਹਿਤ ਨਿਰਧਾਰਣ ਤੇ ਪੁਨਰ ਮੁੱਲਾਂਕਣ**, ਸੰਪਾ. ਡਾ. ਸੁਖਬੀਰ ਕੌਰ ਮਾਹਲ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2009, ਪੰਨਾ 18
10. ਡਾ. ਗੁਰਦੇਵ ਸਿੰਘ, 'ਨਾਨਕ ਸਿੰਘ ਦੇ ਅਮਰ ਪਾਤਰ', **ਨਾਨਕ ਸਿੰਘ ਇਕ ਆਲੋਚਨਾਤਮਕ ਅਧਿਐਨ**, (ਸੰਪਾ. ਰਾਜਿੰਦਰ ਸਿੰਘ ਭਸੀਨ), ਪੰਨਾ 128
11. ਵਿਸਥਾਰ ਲਈ ਵੇਖੋ, ਡਾ. ਸੁਖਬੀਰ ਕੌਰ, **ਨਾਨਕ ਸਿੰਘ ਦੇ ਨਾਵਲਾਂ ਵਿਚ ਦੁਖਾਂਤ ਦ੍ਰਿਸ਼ਟੀ**, ਨਾਨਕ ਸਿੰਘ ਪੁਸਤਕਮਾਲਾ ਅੰਮ੍ਰਿਤਸਰ, 1989, ਪੰਨਾ 24
12. **ਪਵਿੱਤਰ ਪਾਪੀ**, ਪੰਨਾ 5
13. **ਉਹੀ**, ਪੰਨਾ 5
14. ਸੀਤਾ ਦੇਵੀ ਵਰਮਾ, 'ਪਵਿੱਤਰ ਪਾਪੀ ਵਿਚ ਭਾਵ ਤੇ ਸੰਸਕਾਰ ਦਾ ਤਣਾਉ', **ਨਾਨਕ ਸਿੰਘ ਦੀ ਨਾਵਲਕਾਰੀ ਅਣਪਛਾਤੇ ਨਕਸ਼**, ਸਿੰਘ ਬ੍ਰਦਰਜ਼, ਅੰਮ੍ਰਿਤਸਰ, 1999, ਪੰਨਾ 101
15. ਡਾ. ਕੁਲਬੀਰ ਸਿੰਘ ਕਾਂਗ, **ਨਾਨਕ ਸਿੰਘ ਇਕ ਅਧਿਐਨ**, ਲੋਕ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1963, ਪੰਨਾ 128
16. ਡਾ. ਸੁਖਦੇਵ ਸਿੰਘ ਖਾਹਰਾ, **ਨਾਵਲਕਾਰ ਨਾਨਕ ਸਿੰਘ ਕੋਸ਼**, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2002, ਪੰਨਾ 74
17. ਪ੍ਰੋ. ਸ. ਸੋਜ਼, 'ਕਾਵਿ-ਗਲਪ ਪਵਿੱਤਰ ਪਾਪੀ', **ਗਲਪ-ਸਮਰਾਟ ਨਾਨਕ ਸਿੰਘ**, ਨੀਲਮ ਪ੍ਰਕਾਸ਼ਨ, ਪਟਿਆਲਾ, 1975, ਪੰਨਾ 103